# ਗੁਰਬਾਣੀ ਦਾ ਅਧਿਆਤਮ-ਰਹੱਸਵਾਦੀ ਚਿੰਤਨ ਅਤੇ ਆਧੁਨਿਕ ਵਿਗਿਆਨ: ਤੁਲਨਾਤਮਕ ਅਧਿਐਨ

## (ਪਰਮਾਤਮਾ, ਜੀਵ-ਆਤਮਾ ਅਤੇ ਸ੍ਰਿਸ਼ਟੀ ਰਚਨਾ ਦੇ ਸੰਦਰਭ ਵਿੱਚ)

**ਸੁਖਜਿੰਦਰ ਸਿੰਘ**
ਸਹਾਇਕ ਪ੍ਰੋਫ਼ੈਸਰ, ਯੂਨੀਵਰਸਲ ਗਰੁੱਪ ਆਫ਼ ਇੰਸਟੀਚਿਊਟ, ਲਾਲੜੂ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ

**ਅਮੂਰਤ**

ਮਨੁੱਖੀ ਚਿੰਤਨ ਆਦਿ ਕਾਲ ਤੋਂ ਅਜੋਕੇ ਸਮੇਂ ਤੱਕ ਬ੍ਰਹਿਮੰਡੀ ਪਸਾਰੇ ਅਤੇ ਇਸ ਦੀ ਹੋਂਦ ਦਾ ਰਹੱਸ ਜਾਣਨ ਲਈ ਅਨੇਕਾਂ ਖੋਜ ਵੰਨਗੀਆਂ ਦਾ ਸਹਾਰਾ ਲੈਂਦੀ ਰਹੀ ਹੈ। ਕਦੇ ਇਹ ਤਰਕਵਾਦ ਨੂੰ ਅਧਾਰ ਬਣਾ ਕੇ ਸ੍ਰਿਸ਼ਟੀ ਦੇ ਸਮੁੱਚੇ ਪਸਾਰੇ ਨੂੰ ਲੱਭਣ ਦਾ ਯਤਨ ਕਰਦੀ ਰਹੀ ਹੈ ਅਤੇ ਕਦੇ ਸ਼ਰਧਾਮਈ ਕਲਪਨਾਵਾਂ ਦੇ ਨਾਲ ਇਸ ਨੂੰ ਸਥਾਪਿਤ ਕਰਦੀ ਰਹੀ ਹੈ।ਜਦੋਂ ਸੰਸਾਰ ਅਤੇ ਜੀਵਨ ਦਾ ਆਧਾਰ ਦਵੰਦ ਰੂਪ ਹੋ ਨਿਬੜਦਾ ਹੈ ਤਾਂ ਇਸ ਦਵੰਦ ਦੀ ਗੁੰਝਲ ਸੁਲਝਾਉਣ ਲਈ ਮਾਨਵੀ ਚਿੰਤਨ ਸਮੁੱਚੇ ਪਸਾਰੇ ਵਿੱਚ ਇੱਕ ਸ਼ਕਤੀ ਦੀ ਹੋਂਦ ਸਵੀਕਾਰ ਕਰਦਾ ਹੈ, ਜਿਸ ਨੂੰ ਉਹ ਪਰਮ ਤੱਤ ਆਖਦਾ ਹੈ।ਜਿਸ ਪ੍ਰਤੀ ਉਸਦੀ ਭਾਵਨਾ ਸ਼ਰਧਾਮਈ ਹੋ ਜਾਂਦੀ ਹੈ।ਉਹ ਉਸਨੂੰ ਸਮੁੱਚੇ ਜਗਤ ਦਾ ਮੂਲ ਤੱਤ ਮੰਨਣ ਲੱਗ ਪੈਂਦਾ ਹੈ।ਅਜਿਹੀ ਪਰਮ-ਸੱਤਾ ਵਿੱਚ ਵਿਸ਼ਵਾਸ ਹੀ 'ਅਧਿਆਤਮਕ' ਅਖਵਾਉਂਦਾ ਹੈ।ਪਰਮ-ਤੱਤ ਦੀ ਹੋਂਦ-ਆਕਾਰ ਲੱਭਣਾ ਅਤੇ ਉਸਨੂੰ ਮੂਰਤਮਾਨ ਕਰਨ ਦਾ ਰਹੱਸ 'ਰਹੱਸਵਾਦ' ਨੂੰ ਜਨਮ ਦਿੰਦਾ ਹੈ। ਇਹੋ ਦੋਵੇਂ ਅਵਸਥਾ ਵਿਅਕਤੀਗਤ ਅਨੁਭਵ ਤੇ ਅਧਾਰਿਤ ਹੁੰਦੀਆਂ ਹਨ। ਇਸ ਲਈ ਬੌਧਿਕ ਭਾਵਨਾ ਨੂੰ ਇਹਨਾਂ ਦੀ ਜਨਮ-ਭੂਮੀ ਕਿਹਾ ਜਾ ਸਕਦਾ ਹੈ। ਜਦੋਂ ਇਹਨਾਂ ਵਿਚਾਰਾਂ ਅਤੇ ਸੰਕਲਪਾਂ ਪ੍ਰਤੀ ਉਪਾਸਨਾ ਅਤੇ ਸ਼ਰਧਾਮੂਲਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਤਾਂ ਧਰਮ ਦਾ ਜਨਮ ਹੁੰਦਾ ਹੈ। ਸੰਸਾਰ ਅਤੇ ਜੀਵਨ ਦਾ ਆਧਾਰ ਦਵੰਦ ਹੈ।ਇਸਨੂੰ ਸਵੀਕਾਰ ਕਰਨਾ 'ਧਰਮ' ਹੈ ਅਤੇ ਜਦੋਂ ਇਸ ਤੋਂ ਉੱਪਰ ਉੱਠਿਆ ਜਾਂਦਾ ਹੈ ਤਾਂ 'ਅਧਿਆਤਮ' ਦਾ ਮਾਰਗ ਖੁੱਲ੍ਹਦਾ ਹੈ।

'ਅਧਿਆਤਮਕ ਵਿਚਾਰਧਾਰਾ' ਦਾ ਸੰਬੰਧ ਅਜਿਹੇ ਪਰਾਭੌਤਿਕ ਘਟਨਾਕ੍ਰਮ ਨਾਲ ਰਹਿੰਦਾ ਹੈ ਜੋ ਅਦਭੁਤ ਵੀ ਹੁੰਦੇ ਹਨ ਅਤੇ ਰਹੱਸਮਈ ਵੀ। ਇਹ ਮਨੁੱਖ ਦੀਆਂ ਉਹਨਾਂ ਮਹਾਨ ਪ੍ਰਾਪਤੀਆਂ ਵਿੱਚੋਂ ਇੱਕ ਹੈ ਜੋ ਚਿੰਤਨ ਦੀ ਸੂਖਮਤਾ ਅਤੇ ਸੰਕਲਪ ਦੇ ਮਹੱਤਵ ਦਾ ਸੰਗਮ ਹਨ। 'ਅਧਿਆਤਮ ਵਿਚਾਰਧਾਰਾ' ਅਦ੍ਰਿਸ਼ਟ ਦਾ ਵਿਗਿਆਨ ਹੈ। ਇਹ ਉਹ ਵਿਗਿਆਨ ਹੈ ਜੋ 'ਪ੍ਰਕਿਰਤੀ' ਅਤੇ 'ਚਿੰਤਨ' ਦੇ ਮੂਲ ਸਿਧਾਂਤ ਪਰਮ-ਸੱਤਾ ਦਾ ਅਧਿਐਨ ਕਰਦਾ ਹੈ। ਉਪਨਿਸ਼ਦਾਂ ਅਤੇ ਮਹਾਂਭਾਰਤ ਵਰਗੇ ਭਾਰਤੀ ਗ੍ਰੰਥਾਂ ਵਿੱਚ 'ਅਧਿਆਤਮ' ਸ਼ਬਦ ਦੀ ਵਰਤੋਂ 'ਸਰੀਰ' ਦੇ ਅਰਥਾਂ ਵਿੱਚ ਕੀਤੀ ਗਈ ਹੈ। ਪਰ ਇਸ ਤੋਂ ਬਾਅਦ ਇਹ ਸ਼ਬਦ 'ਆਤਮ-ਤੱਤ' ਦੇ ਅਰਥਾਂ ਵਿੱਚ ਪ੍ਰਚਲਿਤ ਹੋ ਗਿਆ। ਅਧਿਆਤਮਵਾਦ ਯੂਨਾਨੀ ਭਾਸ਼ਾ ਦੇ ਸ਼ਬਦ 'MetaPhysics' ਦਾ ਸਮਾਨ ਆਰਥਿਕ ਸ਼ਬਦ ਹੈ। ਜਿਸ ਦਾ ਭਾਵ ਅਭੌਤਿਕ, ਅਲੋਕਿਕ, ਸੂਖਮ ਤਰਕ ਤੋਂ ਲਿਆ ਜਾਂਦਾ ਹੈ। ਇਸ ਵਿਚਾਰਧਾਰਾ ਦੇ ਅੰਤਰਗਤ ਵਧੇਰੇ ਕਰਕੇ ਪਰਮਾਤਮਾ ਅਤੇ ਆਤਮਾ ਦੇ ਵਿਸ਼ੇ-ਖੇਤਰ ਨੂੰ ਅਧਿਐਨ ਰੂਪ ਵਿੱਚ ਪੜਚੋਲਿਆ ਜਾਂਦਾ ਹੈ। 'ਮੈਟਾਫਿਜ਼ਿਕਸ' ਸ਼ਬਦ ਦੀ ਵਿਆਖਿਆ ਦਾ ਸੰਬੰਧ ਯੂਨਾਨੀ ਭਾਸ਼ਾ ਨਾਲ ਹੈ। ਜਿਸ ਦਾ ਸ਼ਾਬਦਿਕ ਅਰਥ ਪ੍ਰਕਿਰਤੀ ਦੇ ਘੇਰੇ ਤੋਂ ਪਰੇ ਹੈ, ਉਸ ਨੂੰ ਜਾਨਣ ਦੀ ਪ੍ਰਕਿਰਿਆ 'ਅਧਿਆਤਮਿਕਤਾ' ਹੈ। ਇਹ ਸ਼ਬਦ ਅੰਗਰੇਜ਼ੀ ਦੇ ਦੋ ਸ਼ਬਦਾਂ 'Meta+Physic' ਤੋਂ ਬਣਿਆ ਹੈ। ਪੰਜਾਬੀ ਵਿੱਚ ਇਸਦਾ ਸਮਾਨਾਂਤਰ ਸ਼ਬਦ 'ਅਧਿਆਤਮ' ਹੈ। ਪੰਜਾਬੀ ਭਾਸ਼ਾ ਵਿੱਚ ਇਸ ਦੇ ਹੋਰ ਵੀ ਅਰਥ ਹਨ ਜਿਵੇਂ:- 'ਪਰਾਭੌਤਿਕ ਗਿਆਨ', 'ਅਮੂਰਤ ਵਿਸ਼ੇ ਦਾ ਗਿਆਨ', 'ਗੂੜ ਵਿਚਾਰ' ਆਦਿ ਪ੍ਰਚਲਿਤ ਹਨ। ਇਸ ਸੰਸਾਰ ਵਿੱਚ ਜੋ ਵਸਤਾਂ ਦ੍ਰਿਸ਼ਟੀਮਾਨ ਹਨ ਉਹ ਭੌਤਿਕ ਖੇਤਰ ਦੇ ਅੰਤਰਗਤ ਆਉਂਦੀਆਂ ਹਨ ਅਤੇ ਜੋ ਇਸ ਦੀ ਹੋਂਦ ਸੀਮਾ ਤੋਂ ਬਾਹਰ ਹਨ ਅਤੇ ਮਨੁੱਖੀ ਅਨੁਭਵ ਉਹਨਾਂ ਦੀ ਸੰਵੇਦਨਾ ਮਹਿਸੂਸ ਕਰਦਾ ਹੈ, ਉਹ ਪਰਾਭੌਤਿਕਤਾ ਦੇ ਖੇਤਰ ਵਿੱਚ ਵਿਚਾਰੀਆਂ ਜਾਂਦੀਆ ਹਨ।ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਜੀਵਨ ਅਤੇ ਜਗਤ ਦੇ ਬੁਨਿਆਦੀ ਮਸਲੇ ਜੋ ਸੰਸਾਰਕ ਸੀਮਾਵਾਂ ਤੋਂ ਬਾਹਰ ਹਨ ਉਹਨਾਂ ਨੂੰ ਅਧਿਆਤਮ ਖੇਤਰ ਦੇ ਅੰਤਰਗਤ ਵਿੱਚਾਰਿਆ ਜਾਂਦਾ ਹੈ। ਜੀਵਨ ਅਤੇ ਜਗਤ ਦੇ ਇਹਨਾਂ ਮਸਲਿਆਂ ਨੂੰ ਵਿਚਾਰਨ ਸਦਕਾ 'ਅਧਿਆਤਮ ਵਿਚਾਰਧਾਰਾ' ਦਾ ਇੱਕ ਸੁਤੰਤਰ ਖੇਤਰ ਵਿਸ਼ਵ-ਪੱਧਰ ਉੱਪਰ ਆਪਣੀ ਹੋਂਦ ਸਥਾਪਿਤ ਕਰ ਚੁੱਕਾ ਹੈ।ਭਾਰਤੀ ਦਰਸ਼ਨ ਦੀ ਪਰੰਪਰਾ ਵਿੱਚ ਰਹੱਸ ਕੋਈ ਨਵਾਂ ਸ਼ਬਦ ਨਹੀਂ ਹੈ। ਮਨੁੱਖ ਦੇ

ਸੰਸਕ੍ਰਿਤਕ ਅਤੇ ਬੌਧਿਕ ਵਿਕਾਸ ਵਿੱਚ ਰਹੱਸਵਾਦ, ਮਨੁੱਖੀ ਚਿੰਤਨ ਅਤੇ ਕਲਪਨਾ ਦਾ ਅਧਾਰਿਤ ਖੇਤਰ ਮੰਨਿਆ ਗਿਆ ਹੈ। ਮਨੁੱਖੀ ਬੌਧਿਕ ਚੇਤਨਾ ਵਿੱਚ 'ਰਹੱਸ' ਇੱਕ ਬੁਝਾਰਤ ਹੈ। ਜੇਕਰ ਚਿੰਤਨ ਦੇ ਇਤਿਹਾਸਿਕ ਕ੍ਰਮ ਵਿੱਚ ਨਜ਼ਰ ਮਾਰੀ ਜਾਵੇ ਤਾਂ ਮਨੁੱਖ ਆਦਿ ਕਾਲ ਤੋਂ ਹੀ ਆਪਣੇ ਅਨੁਭਵ ਅਤੇ ਚਿੰਤਨ ਬੁੱਧੀ ਦੀ ਸਹਾਇਤਾ ਨਾਲ ਇਸ ਬੁਝਾਰਤ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਮਨੁੱਖੀ ਚਿੰਤਨ ਪਰਾਭੌਤਿਕ ਅਤੇ ਭੌਤਿਕ ਜਗਤ ਦੇ ਭੇਦਾਂ ਨੂੰ ਲੰਬੇ ਸਮੇਂ ਤੋਂ ਹੀ ਆਪਣੀ ਬੌਧਿਕੀ ਚਿੰਤਨ ਰਾਹੀਂ ਅਨੇਕਾਂ ਕਲਪਨਾਵਾਂ ਨੂੰ ਜਨਮ ਦਿੰਦਾ ਰਿਹਾ ਹੈ। ਮਨੁੱਖੀ ਚਿੰਤਨ ਦੀ ਇਹ ਖਾਸੀਅਤ ਰਹੀ ਹੈ ਕਿ ਉਹ ਆਪਣੇ ਇਰਦ-ਗਿਰਦ ਹੋ ਰਹੀਆਂ ਕਿਰਿਆਵਾਂ ਅਤੇ ਅਵਸਥਾ ਨੂੰ ਜਾਣਨ ਲਈ ਤਤਪਰ ਰਹਿੰਦਾ ਹੈ। ਮਨੁੱਖ ਦਾ ਚਿੰਤਨ-ਅਨੁਭਵ ਹੀ ਉਸ ਦੀ ਗਿਆਨ ਪ੍ਰਾਪਤੀ ਕਰਨ ਦਾ ਮੂਲ ਸੋਮਾ ਹੈ। ਇਹੀ ਚਿੰਤਨ-ਅਨੁਭਵ ਉਸਨੂੰ ਕੁਦਰਤ ਦੇ ਦੂਸਰੇ ਪਸ਼ੂ,ਜੀਵ-ਜੰਤੂਆਂ ਤੋਂ ਅਲੱਗ ਕਰਦਾ ਹੋਇਆ ਉਸ ਨੂੰ ਪ੍ਰਕਿਰਤੀ ਦਾ ਸਭ ਤੋਂ ਵੱਧ ਚੇਤਨਾਮੁਖੀ ਜੀਵ ਘੋਸ਼ਿਤ ਕਰਦਾ ਹੈ।

ਰਹੱਸਵਾਦ ਦਾ ਸੰਬੰਧ ਭੌਤਿਕ ਅਤੇ ਪਰਾਭੌਤਿਕ ਜਗਤ ਦਾ ਅਭਾਵ ਕਰਵਾਉਂਦਾ ਹੈ। ਭਾਰਤੀ ਅਤੇ ਪੱਛਮੀ ਸਾਹਿਤਿਕ ਦਰਸ਼ਨ ਵਿੱਚ ਪ੍ਰਚਲਿਤ ਸ਼ਬਦ 'ਰਹੱਸਵਾਦ' ਯੂਨਾਨੀ ਭਾਸ਼ਾ ਦੇ ਸ਼ਬਦ 'ਮਿਸਟਿਸ਼ਿਜਮ (Mysticism) ਦਾ ਸਮਾਨਾਰਥਕ ਸ਼ਬਦ ਹੈ। ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Mysticism' ਜੋ Mystic+ism ਸ਼ਬਦਾਂ ਦਾ ਮੇਲ ਹੈ ਜੋ 'My' ਧਾਤੂ ਤੋਂ ਬਣਿਆ ਹੈ। ਇਸ ਦਾ ਸ਼ਾਬਦਿਕ ਅਰਥ ਹੈ 'ਚੁੱਪ ਰਹਿਣਾ' ਅਰਥਾਤ ਜਿਸ ਨੂੰ ਜਾਣਦਿਆ ਹੋਇਆ ਵੀ ਪ੍ਰਗਟ ਨਾ ਕੀਤਾ ਜਾ ਸਕੇ। ਏ. ਸੀ. ਬੌਕਿਟ ਦਾ ਮੱਤ ਹੈ ਕਿ 'ਇਹ ਯੂਨਾਨੀ ਸ਼ਬਦ ਮਿਸਟਿਸ (Mystes) ਤੋਂ ਗ੍ਰਹਿਣ ਕੀਤਾ ਗਿਆ ਹੈ।ਇਸ ਦਾ ਭਾਵ ਉਸ ਵਿਅਕਤੀ ਤੋਂ ਹੈ ਜੋ ਜੀਵਨ ਅਤੇ ਮੌਤ ਦੇ ਰਹੱਸਵਾਦੀ ਗਿਆਨ ਨੂੰ ਵਿਅਕਤ ਕਰਦਾ ਹੈ। ਇਹ ਮਨੁੱਖ ਦੀ ਉਸ ਪ੍ਰਵਿਰਤੀ ਦਾ ਅਭਾਵ ਕਰਵਾਉਂਦਾ ਹੈ ਜਿਸ ਵਿੱਚ ਉਸ ਦੇ ਜਨਮ ਅਤੇ ਮਰਨ ਦੇ ਸੰਬੰਧਿਤ ਵਿਸ਼ੇ ਜੁੜੇ ਹੁੰਦੇ ਹਨ। ਖਲਿਕ ਅਹਿਮਦ ਨਿਜ਼ਾਨੀ ਯੂਨਾਨੀ ਨਾਂਵ 'ਮਿਸਟਿਕ' (Mystic) ਕਿਰਿਆ 'ਮਿਉ' (MUO) ਤੋਂ ਬਣਿਆ ਕਹਿੰਦਾ ਹੈ ਕਿ ਜਿਸ ਦਾ ਸਧਾਰਣ ਤੌਰ ਤੇ ਭਾਵ ਹੈ 'ਜ਼ਖਮ ਦੇ ਕਿਨਾਰਿਆਂ ਨੂੰ ਮੇਲਣਾ'। ਉਸ ਅਨੁਸਾਰ ਇਹ ਮੌਲਿਕ ਰੂਪ ਵਿੱਚ ਚਿਕਿਤਸਾ ਨਾਲ ਸੰਬੰਧਤ ਸ਼ਬਦ ਸੀ ਜੋ ਹੌਲੀ-ਹੌਲੀ ਉਸ ਚੀਜ਼ ਦੇ ਏਕਾਂਤ ਜਾਂ ਮਿਲਾਪ ਨਾਲ ਸੰਬੰਧਤ ਹੋ ਗਿਆ ਜੋ ਮੁੱਢ ਵਿੱਚ ਇੱਕ ਸੀ।ਪਰੰਤੂ ਘਟਨਾਤਮਕ ਰੂਪ ਵਿੱਚ ਇਹ ਅਨੇਕਤਾ ਵਿੱਚ ਖਿੰਡ ਗਿਆ। ਇਸ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ 'ਮਿਸਟਿਸਿਜਮ' ਇੱਕ ਅਜਿਹੀ ਭਾਵਨਾ ਦਾ ਲਖਾਇਕ ਹੈ ਜਿਹੜੀ ਅਦ੍ਰਿਸ਼ਟ ਮਾਰਗ ਉਤੇ ਚੱਲਣ ਵਾਲੇ ਸਾਧਕ ਨੂੰ ਪ੍ਰੇਰਿਤ ਕਰਦੀ ਹੈ ਜੋ ਆਤਮਾ-ਪਰਮਾਤਮਾ ਦੇ ਗਿਆਨ ਦੀ ਨਿਕਟਤਾ ਵਿੱਚ ਸਹਾਈ ਹੁੰਦੀ ਹੈ। ਇਹ ਮਨੁੱਖ ਦੀ ਅਜਿਹੀ ਮਨੋਵਿਰਤੀ ਦਾ ਲਖਾਇਕ ਹੈ ਜਿਸ ਨੂੰ ਉਹ ਸਿਰਫ਼ ਅਨੁਭਵ ਤਾਂ ਕਰ ਸਕਦਾ ਹੈ ਪਰ ਵਿਅਕਤ ਨਹੀਂ ਕਰ ਸਕਦਾ। ਅਨੁਭਵ ਦੀ ਧਾਰਨਾ ਦਾ ਕੇਂਦਰ ਮਨੋਵਿਗਿਆਨਕ ਵਿਸ਼ੇ ਖੇਤਰ ਦੇ ਅੰਤਰਗਤ ਆਉਂਦਾ ਹੈ। ਮਨੋਵਿਗਿਆਨ ਵਿੱਚ ਇਸ ਦੀ ਵਿਆਖਿਆ ਕੀਤੀ ਗਈ ਹੈ ਜਿਸ ਵਿੱਚ ਇਸ ਨੂੰ 'ਇੱਕ ਸਧਾਰਣ ਅਨੁਭਵ' ਵਿੱਚਾਰਿਆ ਗਿਆ ਹੈ। ਇਹ ਇੱਕ ਅਨੁਭਵੀ ਚੇਤਨਾ ਹੈ ਜੋ ਵਿਅਕਤੀ ਨੂੰ ਵਿਸ਼ੇ ਪ੍ਰਾਪਤੀ ਦੀ ਜਗਿਆਸਾ ਉਤਪੰਨ ਕਰਵਾਉਂਦੀ ਹੈ।

ਰਹੱਸਵਾਦ ਅਨੁਭਵ ਦੀ ਪ੍ਰਵਿਰਤੀ ਦਾ ਅੰਸ਼ਿਕ ਰੂਪ ਹੈ ਜਿਸ ਵਿੱਚ ਵਿਅਕਤੀ ਅਜਿਹੇ ਕਿਸੇ ਵਰਤਾਰੇ ਨੂੰ ਮਹਿਸੂਸ ਕਰਦਾ ਹੈ।ਜਿਸ ਰਾਹੀਂ ਉਹ ਕਿਸੇ ਅਲੌਕਿਕ ਜਗਤ ਵਿੱਚ ਲੀਨ ਹੋ ਜਾਂਦਾ ਹੈ। ਫਲੈਡਰ ਅਤੇ ਰੱਸੇਲ ਵੀ ਰਹੱਸਵਾਦ ਨੂੰ ਇੱਕ 'ਸੰਵੇਦਨਾ' ਦਾ ਨਾਮ ਦਿੰਦੇ ਹਨ। ਫਲੈਡਰ ਅਨੁਸਾਰ ਰਹੱਸਵਾਦ ਈਸ਼ਵਰ ਨਾਲ ਆਪਣੀ ਏਕਤਾ ਦੀ ਸਪੱਸ਼ਟ ਸੰਵੇਦਨਾ ਹੈ। ਰੋਸੇਲ ਨੇ ਵੀ ਰਹੱਸਵਾਦ ਨੂੰ ਦਰਸਾਉਂਦਿਆਂ ਕਿਹਾ ਹੈ ਕਿ 'ਰਹੱਸਵਾਦ ਸੰਵੇਦਨਾ ਦੀ ਉਸ ਤੀਬਰਤਾ ਅਤੇ ਗੰਭੀਰਤਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ ਜੋ ਵਿਸ਼ਵ ਸੰਬੰਧੀ ਵਿਸ਼ਵਾਸ ਦੇ ਸੰਬੰਧ ਵਿੱਚ ਅਨੁਭਵ ਕੀਤੀ ਜਾਂਦੀ ਹੈ।ਇਸ ਸਾਰੀ ਸ੍ਰਿਸ਼ਟੀ ਦਾ ਸੰਚਾਲਕ ਇੱਕ ਪਰਮ ਸ਼ਕਤੀ ਮੰਨੀ ਗਈ ਹੈ। ਪ੍ਰਕਿਰਤੀ ਅਤੇ ਪਰਮ ਸੱਚ ਦੇ ਸੰਬੰਧਾਂ ਦੀ ਵਿਆਖਿਆ ਫਿਲਾਸਫ਼ੀ ਅਤੇ ਵਿਗਿਆਨ ਦੇ ਖੇਤਰ ਤੋਂ ਬਾਹਰ ਹੈ। ਭਾਵੇਂ ਕਿ ਵਿਗਿਆਨਿਕ ਕਿਰਿਆਵਾਂ ਇਹ ਸਵੀਕਾਰਨੀਆਂ ਹਨ ਕਿ ਗੈਸਾਂ ਤੋਂ ਹਵਾ ਬਣੀ, ਪਾਣੀ ਤੋਂ ਧਰਤੀ ਅਤੇ ਇੱਕ ਸੈਲੀ ਜੀਵ ਅਮੀਬਾ ਤੋਂ ਜੀਵਨ ਦੀ ਸੰਪੂਰਨ ਰਚਨਾ ਹੋਈ ਪਰ ਅਜੇ ਤੱਕ ਵੀ ਇਥੇ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਜਾ ਸਕਿਆ ਕਿ ਇਹਨਾਂ ਦੀ ਉਤਪਤੀ ਦਾ ਰਹੱਸ ਕੀ ਹੈ।ਜੇਕਰ ਇਹ ਵੀ ਸਵੀਕਾਰ ਲਿਆ ਜਾਵੇ ਕਿ ਵਿਗਿਆਨਿਕ ਨਜ਼ਰੀਆ ਠੀਕ ਹੈ ਤਾਂ ਇਹਨਾਂ ਦੀ ਉਤਪਤੀ ਪ੍ਰਤੀ ਵਿਗਿਆਨ ਵੀ ਚੁੱਪ ਸਾਧ ਜਾਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਪਰਾਭੌਤਿਕ ਸਿਧਾਂਤ ਦੇ ਵਿਸ਼ਿਆਂ ਨੂੰ ਵਿੱਚਾਰਿਆ ਜਾਂਦਾ ਹੈ।ਇਹ ਅਜਿਹੇ ਵਿਸ਼ੇ ਹੁੰਦੇ ਹਨ ਜਿਹਨਾਂ ਰਾਹੀਂ ਵਿਅਕਤੀ ਆਪਣੇ ਅਧਿਆਤਮਿਕ ਅਨੁਭਵ ਰਾਹੀਂ ਇਸ ਸਮੁੱਚੀ ਸੰਸਾਰਿਕ ਕਿਰਿਆ ਨੂੰ

ਸੁਲਝਾਉਣ ਦੀ ਕੋਸ਼ਿਸ਼ ਕਰਦਾ ਹੈ। ਪ੍ਰਸਿੱਧ ਯੂਨਾਨੀ ਦਾਰਸ਼ਨਿਕ ਪਲੈਟੋ ਨੇ ਬਹੁਤ ਸਦੀਆਂ ਪਹਿਲਾਂ ਇਹ ਗੱਲ ਕਹੀ ਸੀ ਕਿ ਦਿਸਦਾ ਸੰਸਾਰ ਤੇ ਇਸ ਦੇ ਅੰਦਰ ਜਿੰਨੇ ਵੀ ਪਦਾਰਥ ਹਨ ਸਭ ਮਾਇਆ ਦੇ ਹੀ ਰੂਪ ਹਨ। ਇਹ ਉਸ ਅਮਰ ਸੰਸਾਰ ਦੀ ਪਰਛਾਈ ਹਨ ਜੋ ਕਦੇ ਬਦਲਦਾ ਨਹੀਂ। ਇਹ ਇੱਕ ਮਨੁੱਖੀ ਵਿਵਹਾਰਿਕ ਅਨੁਭਵ ਹੈ ਜਿਸ ਨੂੰ ਸੀਮਾ ਬੱਧ ਰੂਪ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਰਹੱਸਵਾਦ ਨੂੰ ਸਿਧਾਂਤ ਕਹਿਣ ਦੀ ਥਾਂ ਇੱਕ ਮਨੋਵਿਰਤੀ ਕਹਿਣਾ ਵਧੇਰੇ ਯੁਕਤੀ ਸੰਗਤ ਹੋਵੇਗਾ।ਤਰਕਵਾਦ ਵਿੱਚ ਜਦੋਂ ਗਿਆਨ ਕਿਸੇ ਤਰਕ ਜਾਂ ਸਬੂਤ ਦੀ ਮੰਗ ਕਰਦਾ ਹੈ ਤਾਂ ਵਿਗਿਆਨ ਦਾ ਜਨਮ ਹੁੰਦਾ ਹੈ। ਵਿਗਿਆਨ ਦੇ ਪ੍ਰਕਾਸ਼ ਨਾਲ ਮਨੁੱਖ ਦੀਆਂ ਰਚਨਾਤਮਕ ਕਲਾਵਾਂ ਜਿਵੇਂ ਹੁਨਰ, ਕਲਾ ਅਤੇ ਕਾਵਿ ਆਦਿ ਵਿੱਚ ਅਨੁਭੂਤੀ ਦਾ ਆਰੰਭ ਹੁੰਦਾ ਹੈ। ਕਿਸੇ ਸੱਚ ਦੀ ਖੋਜ ਕਰਨਾ ਸਿਰਜਣ ਦਾਰਸ਼ਨਿਕ ਵਿਧੀਆਂ ਦਾ ਹੀ ਫਰਜ਼ ਨਹੀਂ ਹੈ, ਬਲਕਿ ਵਿਗਿਆਨ ਵਿਧੀ ਦਾ ਉਦੇਸ਼ ਅਤੇ ਸੱਚਾਈ ਦੀ ਵੱਧ ਤੋਂ ਵੱਧ ਤਲਾਸ਼ ਕਰਨਾ ਹੈ। ਉਸਨੂੰ ਮਨੁੱਖੀ ਸਮਝ ਦੇ ਅਨੁਕੂਲ ਬਣਾਉਣਾ ਹੁੰਦਾ ਹੈ। ਵਿਗਿਆਨਿਕ ਵਿਧੀ ਕੇਵਲ ਪ੍ਰਤੱਖ ਜਾਂ ਕੁਦਰਤੀ ਵਿਗਿਆਨਾਂ ਦੀ ਮਲਕੀਅਤ ਨਹੀਂ ਹੈ।ਇਸ ਕਿਰਿਆ ਅਧੀਨ ਕਈ ਸਦਾਚਾਰਕ ਸੰਕਲਪਾਂ ਦੇ ਅਰਥਾਂ ਤੇ ਕਰਤੱਵਾਂ ਵਿੱਚ ਪਰਿਵਰਤਨ ਆਇਆ ਹੈ ਅਤੇ ਅਨੇਕਾਂ ਭੁਲੇਖੇ ਦੂਰ ਹੋਏ ਹਨ।ਵਿਗਿਆਨ ਤੋਂ ਭਾਵ ਕਿਸੇ ਸੰਕਲਪ ਨੂੰ ਤਰਕ ਦੇ ਅਧਾਰ ਤੇ ਪਰਖਣ ਅਤੇ ਉਸ ਤੋਂ ਪ੍ਰਾਪਤ ਹੋਏ ਸਿੱਟੇ ਨੂੰ ਅੰਤਿਮ ਸੱਚ ਮੰਨ ਕੇ ਸਵੀਕਾਰਨਾ ਹੈ। ਵਿਗਿਆਨ ਪਦਾਰਥ ਦੀ ਖੋਜ ਕਰਦਾ ਹੈ।ਇਹ ਦੂਸਰਿਆਂ ਨੂੰ ਜਾਨਣ ਦੀ ਵਿਧੀ ਹੈ। ਇਸਦਾ ਪ੍ਰਮੁੱਖ ਸੰਬੰਧ 'ਤੱਥ' ਨਾਲ ਹੁੰਦਾ ਹੈ।ਕਿਸੇ ਗੁੱਝੀ, ਰਹੱਸਮਈ ਕਦਰਾਂ-ਕੀਮਤਾਂ ਨਾਲ ਨਹੀਂ। ਵਿਗਿਆਨ ਸਿਰਫ਼ ਭੌਤਿਕ ਪਦਾਰਥਾਂ ਦੀ ਹੀ ਖੋਜ ਕਰਦਾ ਹੈ। ਇਸ ਲਈ ਉਸਦਾ ਸਾਰਾ ਗਿਆਨ ਭੌਤਿਕ ਸਿਧਾਂਤਾਂ ਨਾਲ ਹੀ ਸੰਬੰਧਿਤ ਹੁੰਦਾ ਹੈ।ਵਿਗਿਆਨ ਦੀ ਸਭ ਤੋਂ ਵੱਡੀ ਅਨੁਪੂਰਨਤਾ ਇਹ ਹੈ ਕਿ ਵਿਗਿਆਨ ਰੋਜ਼ ਨਵੇਂ ਨਿਯਮ ਦੀ ਸਿਰਜਣਾ ਕਰਦਾ ਹੈ।ਇਹ ਧਰਮ ਦੇ ਸਿਧਾਂਤਾਂ ਨੂੰ ਉਚਿਤ ਨਹੀਂ ਦਰਸਾਉਂਦਾ।ਪਰ ਕਈ ਅਜਿਹੇ ਵਿਸ਼ੇ ਹਨ ਜਿਹਨਾਂ ਦਾ ਉੱਤਰ ਵਿਗਿਆਨ ਕੋਲ ਵੀ ਨਹੀਂ। ਇਸ ਲਈ ਵਿਗਿਆਨ ਦਾ ਸਿਧਾਂਤ ਇੱਥੇ ਆ ਕੇ ਅਸਮਰੱਥ ਪੈ ਜਾਂਦਾ ਹੈ।

ਵਿਗਿਆਨ ਅਤੇ ਅਧਿਆਤਮਕ ਰਹੱਸ ਜੀਵਨ ਦੇ ਲਈ ਜ਼ਰੂਰੀ ਅਤੇ ਉਪਯੋਗੀ ਹਨ ਪਰੰਤੂ ਦੋਨਾਂ ਦੇ ਕਾਰਜ ਦਾ ਖੇਤਰ ਵਿਭਿੰਨ ਹੈ। ਇਹਨਾਂ ਦੋਨਾਂ ਉੱਪਰ ਇੱਕੋ ਹੀ ਵਿਧੀ ਨਾਲ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਵਿਗਿਆਨ ਪਦਾਰਥ ਦੀ ਖੋਜ ਨਾਲ ਸੰਬੰਧਿਤ ਹੈ ਅਤੇ ਅਧਿਆਤਮਕ-ਰਹੱਸ ਧਰਮ ਅਤੇ ਆਤਮਾ, ਪ੍ਰਭੂ ਅਤੇ ਪਰਮ-ਚੇਤਨ ਤੱਤ ਦੀ ਖੋਜ ਨਾਲ ਸੰਬੰਧਿਤ ਹੈ। ਅਧਿਆਤਮ-ਰਹੱਸ ਆਤਮਾ ਅਤੇ ਪਰਮਾਤਮਾ ਦੀ ਖੋਜ ਦਾ ਵਿਸ਼ਾ ਹੈ। ਵਿਗਿਆਨ ਦੂਸਰੇ ਨੂੰ ਜਾਨਣ ਦੀ ਵਿਧੀ ਹੈ ਅਤੇ ਧਰਮ ਸਵੈ ਨੂੰ ਜਾਣਨ ਦੀ ਪ੍ਰਕਿਰਿਆ ਹੈ। 'ਮੈਂ ਦੀ ਹੋਂਦ' ਦਾ ਗਿਆਨ ਹੀ ਅਧਿਆਤਮ ਦਾ ਵਿਸ਼ਾ ਹੈ। ਧਰਮ ਦੀਆਂ ਸਾਰੀਆਂ ਸਾਧਨਾਵਾਂ ਇਸੀ ਆਤਮ-ਤੱਤ ਨੂੰ ਜਾਨਣ ਦੀ ਪ੍ਰਕਿਰਿਆ ਹਨ। ਇਹ ਅੰਤਰੀਵੀ ਖੋਜ ਦਾ ਵਿਸ਼ਾ ਹੈ। ਧਰਮ ਮਨੁੱਖ ਦਾ ਰੂਪਾਂਤਰਣ ਕਰਕੇ ਉਸਨੂੰ ਪਰਮ-ਮਨੁੱਖ ਬਣਾਉਣ ਦੀ ਚੇਸ਼ਟਾ ਕਰਦਾ ਹੈ ਅਤੇ ਉਹ ਪਰਮ-ਬ੍ਰਹਮ ਦੀ ਅਨੁਭੂਤੀ ਕਰਵਾਉਂਦਾ ਹੈ।ਇਸ ਤਰ੍ਹਾਂ ਹੀ ਵਿਅਕਤੀ ਨੂੰ ਪੈਗੰਬਰ, ਤੀਰਥੰਕਰ, ਈਸ਼ਵਰ ਪੁੱਤਰ ਆਦਿ ਕਿਹਾ ਗਿਆ ਹੈ। ਧਰਮ ਵੀ ਉੰਨਾ ਹੀ ਪ੍ਰਯੋਗਾਤਮਕ ਹੈ ਜਿੰਨਾ ਕਿ ਵਿਗਿਆਨ। ਅੰਤਰ ਕੇਵਲ ਤੇ ਕੇਵਲ ਪ੍ਰਯੋਗਸ਼ਾਲਾ ਦਾ ਹੀ ਹੈ। ਵਿਗਿਆਨ ਦੀ ਪ੍ਰਯੋਗਸ਼ਾਲਾ ਪ੍ਰਕਿਰਤੀ ਹੈ ਅਤੇ ਧਰਮ ਦੀ ਪ੍ਰਯੋਗਸ਼ਾਲਾ ਮਨੁੱਖੀ ਹਿਰਦਾ ਹੈ।ਵਿਗਿਆਨ ਪਦਾਰਥ ਤੇ ਪ੍ਰਯੋਗ ਕਰਦਾ ਹੈ ਅਤੇ ਧਰਮ ਮਨੁੱਖੀ ਹਿਰਦੇ ਸਵੈ-ਹੋਂਦ ਉੱਤੇ ਪ੍ਰਯੋਗ ਕਰਦਾ ਹੈ।ਪਰ ਦੋਨੋਂ ਹੀ ਪ੍ਰਯੋਗਾਤਮਿਕ ਹਨ। ਸਵੈ ਦਾ ਜਾਣਨਾ ਵੀ ਗਿਆਨ ਹੈ ਅਤੇ ਬਾਹਰੀ ਪ੍ਰਕਿਰਤੀ ਦਾ ਜਾਣਨਾ 'ਵਿਗਿਆਨ' ਕਹਿਲਾਉਂਦਾ ਹੈ। ਡਾ. ਹਰਦੇਵ ਸਿੰਘ ਵਿਰਕ ਦੇ ਅਨੁਸਾਰ:-

''ਇੱਕ ਧਾਰਾ ਵਿਗਿਆਨ ਦੀ ਵਿਸ਼ਲੇਸ਼ਣਾਤਮਕ ਰੁਚੀ ਜੋ ਕੇਵਲ ਬਾਹਰੀ ਸਥੂਲ ਜਗਤ ਦੇ ਗਿਆਨ ਉੱਪਰ ਢੁੱਕਦੀ ਹੈ। ਦੂਸਰੀ ਕਿਸੇ ਨਿੱਜੀ ਗਿਆਨ ਨਾਲ ਸੰਬੰਧਤ ਹੈ। ਜਿਸਨੂੰ ਰਹੱਸਵਾਦ ਵੀ ਕਿਹਾ ਜਾਂਦਾ ਹੈ। ਜਿੱਥੇ ਪਹਿਲੀ ਰੁਚੀ ਵਾਲਾ ਮਨੁੱਖ ਤਰਕਵਾਦੀ ਹੈ। ਉੱਥੇ ਦੂਜੀ ਵਾਲਾ ਆਤਮਵਾਦੀ ਹੈ। ਅਸਲ ਵਿੱਚ ਇਹ ਦੋਵੇਂ ਹੀ ਰੁਚੀਆਂ ਹਰ ਮਨ ਦਾ ਲੱਛਣ ਹਨ।''[1]

ਇਸ ਤਰ੍ਹਾਂ ਓਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਵਿਗਿਆਨ ਆਰੰਭ ਹੈ ਜਦਕਿ ਧਰਮ ਅਤੇ ਅਧਿਆਤਮ-ਰਹੱਸਵਾਦ ਅਨੰਤ ਹੈ। ਧਰਮ ਮਾਨਵ ਜੀਵਨ ਦੀ ਸਰਵਉੱਤਮ ਉਪਲੱਬਧੀ ਹੈ, ਜੋ ਆਤਮ ਗਿਆਨ ਤੋਂ ਬਾਅਦ ਹੀ ਪ੍ਰਾਪਤ ਹੁੰਦੀ ਹੈ। ਸਭਿਅਤਾ ਦੇ ਵਿਕਾਸ ਵਿੱਚ ਪਹਿਲਾ ਵਿਗਿਆਨ ਦਾ ਜਨਮ ਹੁੰਦਾ ਹੈ ਜਿਸਦੀ ਅੰਤਿਮ ਉਪਲੱਬਧੀ ਅਧਿਆਤਮ ਹੁੰਦੀ ਹੈ। ਅਧਿਆਤਮ ਰਹੱਸ ਆਤਮਿਕ ਸ਼ਾਂਤੀ ਅਤੇ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇਹ ਸ੍ਰਿਸ਼ਟੀ ਅਤੇ ਪਰਮ-ਤੱਤ ਦੇ ਰਹੱਸ ਨੂੰ ਬੜੇ ਹੀ ਸਰਲ

ਤਰੀਕੇ ਨਾਲ ਸੁਲਝਾਉਂਦਾ ਹੈ, ਪਰ ਉਥੇ ਵਿਗਿਆਨ ਇਸਦੀ ਖੋਜ ਕਰਦਾ ਹੋਇਆ ਸਾਰਥਕ ਨਤੀਜੇ ਦੇਣ ਦੇ ਬਾਅਦ ਚੁੱਪੀ ਵੀ ਧਾਰ ਜਾਂਦਾ ਹੈ। ਹੁਣ ਅਸੀਂ ਪਰਮਾਤਮਾ,ਜੀਵ-ਆਤਮਾ ਅਤੇ ਸ੍ਰਿਸ਼ਟੀ ਰਚਨਾ ਦੇ ਵਿਸ਼ਿਆਂ ਦੀ ਅਧਿਆਤਮ ਰਹੱਸ ਅਤੇ ਵਿਗਿਆਨ ਨਾਲ ਤੁਲਨਾ ਕਰਾਂਗੇ।

ਅਧਿਆਤਮ ਰਹੱਸ ਪਰਮਾਤਮਾ ਜਾਂ ਬ੍ਰਹਮ ਨੂੰ ਬਹੁਤ ਹੀ ਮਹੱਤਵਪੂਰਨ ਵਿਸ਼ੇ ਵਜੋਂ ਲੈਂਦਾ ਹੈ। ਇਹ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ ਅਤੇ ਉਸਨੂੰ ਪਰਮ ਤੱਤ ਮੰਨਦਾ ਹੋਇਆ ਹੈ। ਇਸਦੀ ਹੋਂਦ ਨੂੰ ਹਰੇਕ ਜੀਵ ਅਤੇ ਸੰਸਾਰਿਕ ਪਦਾਰਥ ਵਿੱਚ ਇੱਕ ਚੇਤਨਮਈ ਤੱਤ ਵਜੋਂ ਨਿਸ਼ਚਿਤ ਕਰਦਾ ਹੈ। ਬ੍ਰਹਮ ਹੀ ਈਸ਼ਵਰੀ ਤੱਤ ਹੈ ਜਿਸਦੀ ਸਥਾਪਨਾ ਕਿਸੇ ਦੁਆਰਾ ਨਹੀਂ ਕੀਤੀ ਗਈ। ਉਹ ਆਪਣੇ ਆਪ ਤੋਂ ਹੀ ਪੈਦਾ ਹੋਇਆ ਮੰਨਿਆ ਗਿਆ ਹੈ। ਪਰ ਵਿਗਿਆਨਿਕ ਨਜ਼ਰ ਵਿੱਚ ਬ੍ਰਹਮ ਜਾਂ ਈਸ਼ਵਰ ਨਾਂ ਦੀ ਕੋਈ ਵਸਤੂ-ਤੱਤ ਨਹੀਂ ਹੈ ਅਤੇ ਇਹ ਇਸਦੀ ਹੋਂਦ ਨੂੰ ਨਹੀਂ ਮੰਨਦਾ। ਇਸ ਤਰ੍ਹਾਂ ਅਸੀਂ ਬ੍ਰਹਮ ਦਾ ਸਰੂਪ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਾਂਗੇ।

ਵਿਗਿਆਨ ਦੀ ਧਾਰਨਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਿਸੇ ਵੱਡੇ ਬਿੱਗ-ਬੈਂਗ ਧਮਾਕੇ ਤੋਂ ਹੋਈ। ਜਿਸਦੀ ਉਤਪਤੀ ਤੋਂ ਸੰਸਾਰ ਦੀ ਰਚਨਾ ਹੋਈ। ਇਹ ਅਜਿਹੀ ਸ਼ਕਤੀ ਸੀ ਜੋ ਸਭ ਤੋਂ ਪਹਿਲਾਂ ਹੀ ਵਿਦਮਾਨ ਸੀ। ਵਿਗਿਆਨੀਆਂ ਦੀ ਭਾਸ਼ਾ ਵਿੱਚ ਇਸ ਨੂੰ 'ਬਿੱਗ-ਬੈਂਗ' ਕਿਹਾ ਜਾਂਦਾ ਹੈ। ਰਿਸ਼ੀ ਤੇ ਗੁਰੂਆਂ ਦੀ ਭਾਸ਼ਾ ਵਿੱਚ 'ਓਂਕਾਰ' ਜਾਂ ਸ਼ਬਦ 'ਬ੍ਰਹਮ' ਦਾ ਰੂਪ ਪ੍ਰਗਟ ਕੀਤਾ ਗਿਆ ਹੈ। ਇਸ ਸੰਬੰਧੀ ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਟੀਨ ਦੀ ਖੋਜ ਨੂੰ ਵਿਚਾਰਿਆ ਗਿਆ ਹੈ।

ਵਿਗਿਆਨ ਦੀ ਧਾਰਨਾ ਹੈ ਕਿ ਅਜੋਕੇ ਸੰਸਾਰ ਨੂੰ ਆਪਣੇ ਅਜਿਹੇ ਰੂਪ ਵਿੱਚ ਆਉਣ ਲਈ ਬਹੁਤ ਲੰਮਾ ਸਮਾਂ ਲੱਗਾ।ਇਹ ਇੱਕ ਦਮ ਅਜਿਹੀ ਅਵਸਥਾ ਵਿੱਚ ਨਹੀਂ ਆਇਆ। ਪਰ ਉਹ ਸਮਾਂ ਕਿੰਨਾ ਹੈ ਇਸ ਬਾਰੇ ਨਿਸਚਿਤ ਤੌਰ ਤੇ ਨਹੀਂ ਕਿਹਾ ਜਾ ਸਕਦਾ। ਵਿਗਿਆਨ ਪਾਸ ਵੀ ਇਹੋ ਜਿਹੇ ਕੋਈ ਯੰਤਰ ਹੋਂਦ ਵਿੱਚ ਨਹੀਂ ਆਏ ਹਨ,ਜਿਹੜੇ ਪਰਲੋ ਤੋਂ ਗਰਭ ਵਿੱਚ ਲੀਨ ਹੋਈ ਵਸਤੂ ਦਾ ਉਤਪਤੀ-ਕਾਲ ਜਾਣ ਸਕਣ। ਅਲਬਰਟ ਆਇਨਸਟੀਨ ਨੇ ਆਪਣੀ ਖੋਜ ਰਾਹੀਂ ਵਿਗਿਆਨ ਵਿੱਚ ਇੱਕ ਨਵੀਂ ਹਲਚਲ ਪੈਦਾ ਕਰ ਦਿੱਤੀ ਕਿ ਸ਼ਕਤੀ ਤੋਂ ਪਦਾਰਥ ਦੀ ਉਤਪਤੀ ਹੁੰਦੀ ਹੈ ਅਤੇ ਪਦਾਰਥ ਨੂੰ ਸ਼ਕਤੀ ਵਿੱਚ ਬਦਲਿਆ ਜਾ ਸਕਦਾ ਹੈ। ਸ਼ਕਤੀ ਤੇ ਪਦਾਰਥ ਦਰਅਸਲ ਇੱਕ ਹਨ। ਸ਼ਕਤੀ ਅਤੇ ਐਨਰਜੀ ਇੱਕ ਸੂਖਮ ਵਸਤੂ ਹੈ। ਜਿਸਨੂੰ ਦੇਖਿਆ ਨਹੀਂ ਜਾ ਸਕਦਾ ਪਰ ਪਦਾਰਥ ਇੱਕ ਸਥੂਲ ਠੋਸ ਵਸਤੂ ਹੈ, ਜਿਸਦੀ ਹੋਂਦ ਦ੍ਰਿਸ਼ਟਮਈ ਹੈ।ਵਿਗਿਆਨ ਅਨੁਸਾਰ ਸ਼ਕਤੀ ਤੇ ਪਦਾਰਥ ਅਰਥਾਤ ਸੂਖਮ ਤੇ ਸਥੂਲ ਵਸਤੂਆਂ ਆਪਸ ਵਿੱਚ ਬਦਲੀਆਂ ਜਾ ਸਕਦੀਆਂ ਹਨ। ਇਸ ਕਰਕੇ ਇਹਨਾਂ ਦੋਹਾਂ ਦਾ ਮੂਲ ਸਰੋਤ ਇੱਕ ਤੱਤ ਹੀ ਹੋਣਾ ਚਾਹੀਦਾ ਹੈ।ਅਧਿਆਤਮਕਵਾਦ ਅਨੁਸਾਰ ਸ਼ਕਤੀ ਦੇ ਕਈ ਪ੍ਰਗਟ ਰੂਪਾਂ ਵਿੱਚ ਇੱਕ ਮਹਾਂਸ਼ਕਤੀ ਦਾ ਅਧਾਰ ਹੈ।ਜਿਸਨੂੰ ਇਹ 'ਬ੍ਰਹਮ' ਦਾ ਨਾਂ ਦਿੰਦਾ ਹੈ। ਇਸ ਮਹਾਂਸ਼ਕਤੀ ਤੋਂ ਹੀ ਇੱਕ ਖਾਸ ਕਰਮ ਦੇ ਕਾਰਨ, ਸੂਖਮ ਤੇ ਸਥੂਲ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ।

ਅੱਜ ਦੀਆਂ ਖਗੋਲ ਦੀਆਂ ਖੋਜਾਂ ਦਾ ਵਿਚਾਰ ਹੈ ਕਿ ਅਰਬਾਂ ਸਾਲ ਪਹਿਲਾਂ ਜਦੋਂ ਸੂਰਜ, ਚੰਦ, ਤਾਰੇ ਅਤੇ ਸ੍ਰਿਸ਼ਟੀ ਨਹੀਂ ਸੀ। ਇੱਕ ਅਤਿਅੰਤ ਸੂਖਮ ਪਦਾਰਥ ਦਾ ਹੀ ਅਸਤਿੱਤਵ ਸੀ। ਫਿਰ ਉਸ ਪਦਾਰਥ ਵਿੱਚ ਇੱਕ ਭਿਆਨਕ ਵਿਸਫੋਟ ਹੋਇਆ। ਜਿਸਨੂੰ ਵਿਗਿਆਨ ਵਿੱਚ 'ਬਿੱਗ ਬੈਂਗ' ਕਿਹਾ ਜਾਂਦਾ ਹੈ। ਇਸ ਭਿਆਨਕ ਵਿਸਫੋਟਕ ਦੇ ਕਾਰਨ ਉਹ ਅਖੰਡ ਸੂਖਮ ਪਦਾਰਥ ਕਈ ਟੁਕੜਿਆਂ ਵਿੱਚ ਫੈਲਦਾ ਗਿਆ। ਇਹ ਟੁਕੜੇ ਵੱਖ-ਵੱਖ ਰੂਪਾਂ ਵਿੱਚ ਪਸਰ ਜਾਣ ਕਰਕੇ ਕਈ ਤਾਰਾ-ਮੰਡਲ ਅਤੇ ਕਈ ਸੂਰਜ-ਮੰਡਲ ਦਾ ਰੂਪ ਧਾਰਨ ਕਰ ਗਏ। ਸਾਡੇ ਸ਼ਾਸਤਰ ਸ੍ਰਿਸ਼ਟੀ ਦੀ ਪ੍ਰਗਟ ਅਵਸਥਾ ਤੋਂ ਪਰ੍ਹੇ ਮੌਜੂਦ ਪਦਾਰਥ ਨੂੰ ਇੱਕ ਚੇਤਨ ਅਸਤਿੱਤਵ ਮੰਨਦੇ ਹਨ। ਗੁਰਬਾਣੀ ਵਿੱਚ ਪੂਰਬਲੀ ਅਵਸਥਾ ਨੂੰ 'ਮਾਰੂ ਸੋਲਹਿਆ' ਵਿੱਚ ਬਿਆਨ ਕੀਤਾ ਗਿਆ ਹੈ।

''ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ॥
ਸੁੰਨ ਸਮਾਧਿ ਲਗਾਇਦਾ॥''[2]

ਸ੍ਰਿਸ਼ਟੀ ਤੋਂ ਪੂਰਬਲੀ ਅਵਸਥਾ ਵਿੱਚ ਜਿਸ ਸੂਖਮ ਸ਼ਕਤੀ ਪਦਾਰਥ ਦਾ ਵਰਨਣ ਵਿਗਿਆਨੀ ਕਰਦੇ ਹਨ ਉਸਨੂੰ ਗੁਰੂ ਨਾਨਕ ਜੀ ਨੇ 'ਧੁੰਧ' ਦਾ ਨਾਮ ਦਿੱਤਾ ਹੈ। ਉਸਦੇ ਮਾਲਕ ਨੂੰ 'ਧੁੰਧੂਕਾਰਿ' ਕਿਹਾ ਹੈ। ਇਸ ਤਰ੍ਹਾਂ ਵਿਗਿਆਨ ਅਤੇ ਧਰਮ ਵਿੱਚ ਕਾਫ਼ੀ ਹੱਦ ਤੱਕ ਸਮਾਨਤਾ ਪਾਈ ਜਾਂਦੀ ਹੈ। ਪਰ ਇਹਨਾਂ

ਦਾ ਵਰਨਣ ਕਰਨ ਦਾ ਨਜ਼ਰੀਆ ਅਲੱਗ ਹੈ। ਬਹੁਤ ਹੱਦ ਤੱਕ ਵਿਗਿਆਨ ਵੀ ਧਰਮ ਦੀਆਂ ਧਾਰਨਾਵਾਂ ਨੂੰ ਕਾਫ਼ੀ ਹੱਦ ਤੱਕ ਸਵੀਕਾਰਨ ਲੱਗਾ ਹੈ। ਡਾ. ਕੁਲਦੀਪ ਸਿੰਘ ਧੀਰ ਆਇਨ ਸਟਾਈਨ ਦਾ ਹਵਾਲਾ ਦਿੰਦੇ ਹੋਏ ਦੱਸਦੇ ਹਨ ਕਿ:-

''ਆਇਨਸਟਾਈਨ ਵਰਗਾ ਵਿਗਿਆਨੀ ਇਹ ਕਹਿੰਦਾ ਹੈ ਕਿ ਮੈਂ ਜਿੰਨਾ ਜ਼ਿਆਦਾ ਭੌਤਿਕ ਦਾ ਅਧਿਐਨ ਕਰਦਾ ਹਾਂ, ਉੱਨਾ ਵਧੇਰੇ ਪਰਾ-ਭੌਤਿਕ ਵੱਲ ਅਕਰਸ਼ਿਤ ਹੋਣ ਲੱਗਦਾ ਹਾਂ। ਫਿਜ਼ਿਕਸ ਮੈਨੂੰ ਮੈਟਾ-ਫਿਜ਼ਿਕਸ ਨਾਲ ਜੋੜਦੀ ਤੁਰੀ ਜਾਂਦੀ ਹੈ।''[3]

ਇਸ ਤਰ੍ਹਾਂ ਧਰਮ ਅਤੇ ਵਿਗਿਆਨ ਵਿੱਚ ਬਹੁਤ ਧਾਰਨਾਵਾਂ ਇੱਕਮਿਕ ਹੋਈਆਂ ਪ੍ਰਤੀਤ ਹੁੰਦੀਆਂ ਹਨ। ਧਰਮ ਉੱਤੇ ਵਿਗਿਆਨ ਦਾ ਵਿਸ਼ਵਾਸ ਉਸ ਸਮੇਂ ਘੱਟ ਜਾਂਦਾ ਹੈ ਜਦੋਂ ਧਰਮ ਵਿੱਚ ਪੈਦਾ ਹੋਏ ਵਹਿਮ-ਭਰਮ, ਲੁੱਟ-ਖਸੁੱਟ, ਅੰਧ-ਵਿਸ਼ਵਾਸ, ਕਰਮ-ਕਾਂਡ ਅਤੇ ਸਾਧਨਾ ਪ੍ਰਕਿਰਿਆ ਬਿਨਾਂ ਕਿਸੇ ਤਰਕ ਦੇ ਪੈਦਾ ਹੋ ਜਾਂਦੀਆਂ ਹਨ। ਇਸ ਤਰ੍ਹਾਂ ਜੇਕਰ ਅਧਿਆਤਮ ਰਹੱਸ ਬ੍ਰਹਮ ਨੂੰ 'ਪਰਮ ਤੱਤ' ਅਤੇ 'ਈਸ਼ਵਰ' ਮੰਨਦਾ ਹੈ ਤਾਂ ਵਿਗਿਆਨ ਸ੍ਰਿਸ਼ਟੀ ਚੇਤਨਾ ਵਿੱਚ ਵਿਅਕਤ ਸ਼ਕਤੀ ਦੀ ਹੋਂਦ ਵੀ ਸਵੀਕਾਰਨਾ ਹੈ ਜਿਸ ਨੂੰ ਸੂਖਮ ਤੱਤ ਕਿਹਾ ਜਾ ਸਕਦਾ ਹੈ।

ਮਨੁੱਖ ਦੀ ਉਤਪਤੀ ਦਾ ਰਹੱਸ ਵੀ ਅਜੇ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਵਿਗਿਆਨਿਕ ਖੋਜ ਕਾਰਜ ਅਤੇ ਧਰਮ ਇਸ ਨੂੰ ਪਰਿਭਾਸ਼ਿਤ ਕਰਨ ਲਈ ਆਪਣੇ-ਆਪਣੇ ਵਿਚਾਰ ਦਿੰਦੇ ਰਹੇ ਹਨ। ਧਰਮ ਅਨੁਸਾਰ ਹੀ ਜੀਵ-ਆਤਮਾ ਅਤੇ ਮਨੁੱਖ ਦੀ ਉਤਪਤੀ ਬ੍ਰਹਮ ਦੁਆਰਾ ਕੀਤੀ ਗਈ। ਜੀਵ ਆਤਮਾ ਨੂੰ ਚੇਤਨ-ਮੁਖੀ ਤੱਤ ਕਿਹਾ ਗਿਆ ਹੈ। ਜੋ ਹਰੇਕ ਜੀਵ ਵਿੱਚ ਵਿਦਮਾਨ ਹੈ ਅਤੇ ਪੂਰੀ ਸ੍ਰਿਸ਼ਟੀ ਦੇ ਜੀਵਾਂ ਵਿੱਚ ਵਿਚਰ ਵੀ ਰਿਹਾ ਹੈ।ਧਰਮ ਦੀ ਧਾਰਨਾ ਹੈ ਕਿ ਜੀਵ ਦੀ ਉਤਪਤੀ ਬ੍ਰਹਮ ਜਾਂ ਈਸ਼ਵਰ ਤੋਂ ਹੋਈ ਅਤੇ ਉਸਨੇ ਪੰਜ ਪਦਾਰਥਾਂ ਨਾਲ ਇਸਦੀ ਸਿਰਜਨਾ ਕੀਤੀ। ਕੁਝ ਧਰਮਾਂ ਦਾ ਵਿਚਾਰ ਹੈ ਕਿ ਈਸ਼ਵਰ ਦੁਆਰਾ ਬਿਨਾਂ ਕਿਸੀ ਪਦਾਰਥ ਦੇ ਅਤੇ ਉਸਦੇ ਹੁਕਮ ਦੁਆਰਾ ਹੀ ਜੀਵ ਪੈਦਾ ਹੋਇਆ। ਜੀਵ ਨੇ ਵੱਖ ਵੱਖ ਜੂਨਾਂ ਦੇ ਵਿਕਾਸ ਰਾਹੀਂ ਮਨੁੱਖੀ ਸਰੀਰ ਨੂੰ ਪ੍ਰਾਪਤ ਕੀਤਾ। ਇਸਦਾ ਵਰਨਣ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ। ਸ੍ਰਿਸ਼ਟੀ ਰਚਨਾ ਦੇ ਕ੍ਰਮ ਵਿਕਾਸ ਵਿੱਚ ਜੀਵਾਂ ਦੇ ਵਿਕਾਸ ਦੀਆਂ ਕਈ ਧਾਰਨਾਵਾਂ ਚੱਲਦੀਆਂ ਰਹੀਆਂ ਹਨ । ਹੁਣ ਅਸੀਂ ਜੀਵ ਰਚਨਾ ਦਾ ਕ੍ਰਮ ਅਤੇ ਉਹਨਾਂ ਦੀ ਉਤਪਤੀ ਬਾਰੇ ਵਿਗਿਆਨ ਦੇ ਨਜ਼ਰੀਏ ਦਾ ਅਧਿਐਨ ਕਰਾਂਗੇ।

ਵਿਗਿਆਨ ਲਈ ਇਸ ਸਿਧਾਂਤ ਨੂੰ ਮੰਨਣ ਵਿੱਚ ਸਭ ਤੋਂ ਵੱਡੀ ਅੜਚਨ ਇਹ ਹੈ ਕਿ ਸਾਰਿਆਂ ਤੋਂ ਪਹਿਲਾਂ ਜੀਵਾਣੂ ਕਿਵੇਂ ਬਣਿਆ।ਜੜ੍ਹ ਤੱਤਾਂ ਤੋਂ ਚੇਤਨ ਜੀਵ ਦੀ ਉਤਪਤੀ ਕਿਵੇਂ ਹੋਈ? ਜੇ ਕਿਤੇ ਕਿਸੇ ਪਾਸੇ ਪ੍ਰਯੋਗਸ਼ਾਲਾ ਵਿੱਚ ਕਿਸੇ ਜੀਵਾਣੂ ਦਾ ਨਿਰੀਖਣ ਕਰਦੇ ਹਨ ਤਾਂ ਉਹ ਉਸਦੇ ਵਿਕਾਸ ਕਰਮ ਦਾ ਕੀਤਾ ਜਾਂਦਾ ਹੈ।ਸਿਰਫ਼ ਜਿਉਂਦੇ ਮਨੁੱਖ ਦੇ ਸਰੀਰ ਵਿੱਚੋਂ ਲਏ ਗਏ ਜੀਵਾਣੂਆਂ ਦਾ ਪ੍ਰਯੋਗ ਹੀ ਸੰਭਵ ਹੁੰਦਾ ਹੈ।

ਦੂਸਰੀ ਸਮੱਸਿਆ ਇਹ ਹੈ ਕਿ ਕਿਵੇਂ ਮਨੁੱਖਾਂ ਦੇ ਪੂਰਵਜਾਂ ਦੇ ਸਾਰੇ ਗੁਣ ਉਹਨਾਂ ਦੀਆਂ ਸੰਤਾਨਾਂ ਵਿੱਚ ਆਉਂਦੇ ਗਏ ਅਤੇ ਪ੍ਰਾਣੀ ਵਿਕਸਿਤ ਹੁੰਦੇ ਗਏ ? ਹੌਲੀ-ਹੌਲੀ ਮਨੁੱਖੀ ਸਰੀਰ ਦੀ ਰਚਨਾ ਕਿਵੇਂ ਹੋਈ ? ਵਿਗਿਆਨ ਦੁਆਰਾ ਇਹ ਵਿਚਾਰ ਵੀ ਦਿੱਤਾ ਜਾਂਦਾ ਹੈ ਕਿ ਬਾਂਦਰ ਤੋਂ ਮਨੁੱਖ ਦੀ ਉਤਪਤੀ ਹੋਈ ਪਰ ਇਹ ਸਿਧਾਂਤ ਸਾਧਾਰਣ ਅਨੁਭਵ ਵਿੱਚ ਵੀ ਬਿਲਕੁਲ ਗਲਤ ਸਾਬਤ ਹੁੰਦਾ ਹੈ ਕਿਉਂਕਿ ਅੱਜ ਤੱਕ ਕਿਸੇ ਬਾਂਦਰ ਦੇ ਪੇਟ ਤੋਂ ਜੰਗਲੀ ਜਿਹਾ ਵੀ ਮਨੁੱਖ ਪੈਦਾ ਨਹੀਂ ਹੋਇਆ। ਬਾਂਦਰ ਹੁਣ ਵੀ ਹਨ ਜੇ ਸ੍ਰਿਸ਼ਟੀ ਦੇ ਸ਼ੁਰੂ ਵਿੱਚ ਉਹਨਾਂ ਤੋਂ ਮਨੁੱਖ ਬਣੇ ਤਾਂ ਹੁਣ ਇਹ ਕਿਉਂ ਸੰਭਵ ਨਹੀਂ ? ਅੱਜ ਕੱਲ ਜੇ ਕਿਤੇ ਦੋ ਬੀਜਾਂ ਨੂੰ ਮਿਲ ਕੇ ਹਾਈਬ੍ਰਿਡ ਪੌਧ ਤਿਆਰ ਕੀਤੀ ਜਾਂਦੀ ਹੈ ਤਾਂ ਉਹ ਵੀ ਇੱਕ ਖਾਸ ਹੱਦ ਦੇ ਅੰਦਰ ਹੀ ਹੈ। ਨਾ ਕਿ ਅੱਗੇ ਤੋਂ ਅੱਗੇ ਇਸ ਨਵੀਂ ਧਾਰਾ ਨੂੰ ਵਧਾਉਂਦੇ ਹੋਏ ਜਿਥੋ ਤੱਕ ਮਰਜ਼ੀ ਲੈ ਜਾ ਸਕੀਏ। ਵਿਗਿਆਨ ਦੁਆਰਾ ਅਨੇਕਾਂ ਸਿਧਾਂਤ ਜੀਵ ਦੀ ਉਤਪਤੀ ਸੰਬੰਧੀ ਦਿੱਤੇ ਗਏ ਹਨ। ਜਿਹਨਾਂ ਨੂੰ ਪ੍ਰਮੁੱਖ ਤੌਰ ਤੇ ਵਿੱਚਾਰਿਆ ਜਾਂਦਾ ਰਿਹਾ ਹੈ।

ਯੂਰਪ ਵਿੱਚ ਡਾਰਵਿਨ ਇੱਕ ਪ੍ਰਸਿੱਧ ਵਿਗਿਆਨੀ ਸੀ। ਚਾਰਲਸ ਰੋਬਰਟ ਡਾਰਵਿਨ ਦਾ ਜਨਮ 1809 ਈ. ਵਿੱਚ ਹੋਇਆ। ਡਾਰਵਿਨ ਬਚਪਨ ਤੋਂ ਹੀ ਛੋਟੇ ਜੀਵ ਕੀੜੇ-ਮਕੌੜਿਆਂ ਦੇ ਅਧਿਐਨ ਦੀ ਰੁਚੀ ਰੱਖਦਾ ਸੀ। ਉਸਨੇ ਸੰਸਾਰ ਵਿੱਚ ਵਿਕਾਸਵਾਦ ਦਾ ਸਿਧਾਂਤ ਪੇਸ਼ ਕੀਤਾ। ਜਿਸਨੂੰ 'Darwin's theory of Evolution' ਵੀ ਕਿਹਾ ਜਾਂਦਾ ਹੈ। ਉਸਨੇ ਬਹੁਤ ਸਾਰੇ ਜੀਵਾਂ ਨੂੰ ਇਕੱਠਾ ਕੀਤਾ ਅਤੇ ਉਹਨਾਂ ਦੇ ਸਰੀਰਾਂ ਅਤੇ ਉਹਨਾਂ ਦੀਆਂ ਹੱਡੀਆਂ ਦੇ ਢਾਂਚਿਆਂ ਦਾ ਸੂਖਮ ਨਿਰੀਖਣ ਕਰਨ ਤੋਂ ਬਾਅਦ ਇਹ ਸਿਧਾਂਤ ਕੱਢਿਆ ਕਿ ਇਹਨਾਂ ਸਾਰੇ ਸਰੀਰਾਂ ਦੀ ਰਚਨਾ ਵਿੱਚ ਇੱਕ ਖਾਸ ਕਰਮ ਦੇਖਣ ਵਿੱਚ ਮਿਲਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਸ੍ਰਿਸ਼ਟੀ ਦੇ ਸ਼ੁਰੂ ਵਿੱਚ ਪਹਿਲਾਂ ਬਹੁਤ ਸਰਲ ਰਚਨਾ ਵਾਲੇ ਸਰੀਰਾਂ ਦੀ ਰਚਨਾ ਹੋਈ।

ਸਰਦੀ-ਗਰਮੀ, ਭੁੱਖ-ਪਿਆਸ ਤੇ ਜੰਗਲ-ਦਰਿਆਵਾਂ ਤੋਂ ਪਹਿਲਾਂ ਅਸਤਿੱਤਵ ਦੀ ਰੱਖਿਆ ਵਾਸਤੇ ਇਹਨਾਂ ਦੇ ਸਰੀਰਾਂ ਵਿੱਚ ਸੁਭਾਵਿਕ ਹਲਚਲਾਂ ਹੁੰਦੀਆਂ ਰਹੀਆਂ ਤੇ ਇਹਨਾਂ ਦੇ ਸਰੀਰ ਵਿਕਸਿਤ ਹੁੰਦੇ ਗਏ। ਇੱਕ ਦੂਜੇ ਜਾਨਵਰ ਤੋਂ ਆਪਣੀ ਰੱਖਿਆ ਕਰਨ ਵਿੱਚ ਅਤੇ ਇਸਦੇ ਨਾਲ ਨਾਲ ਹੀ ਪ੍ਰਿਥਵੀ ਦੀ ਜਲਵਾਯੂ ਵਿੱਚ ਸਮੇਂ-ਸਮੇਂ ਅਨੁਸਾਰ ਹੋਈ ਬਹੁਤ ਸਾਰੀ ਉੱਥਲ-ਪੁੱਥਲ ਅਤੇ ਪਰਿਵਰਤਨ ਕਾਰਨ ਕੁਝ ਜੂਨਾਂ ਦੇ ਅਸਤਿਤਵ ਹੀ ਖ਼ਤਮ ਹੋ ਗਏ ਅਤੇ ਬਾਕੀ ਬਚੇ ਸਰੀਰ ਹੋਰ ਵਿਕਸਿਤ ਹੁੰਦੇ ਗਏ। ਅਖੀਰ ਜਾਨਵਰਾਂ 'ਚ ਸਭ ਤੋਂ ਵਿਕਸਿਤ ਬਾਂਦਰ ਤੇ ਬਨਮਾਨਸ ਹਨ। ਬਾਂਦਰ ਕਰੀਬ-ਕਰੀਬ ਮਨੁੱਖਾਂ ਵਾਂਗ ਹੀ ਬੈਠਦਾ ਅਤੇ ਖਾਂਦਾ ਹੈ। ਇਹਨਾਂ ਤੋਂ ਹੀ ਮਨੁੱਖੀ ਸਰੀਰ ਦਾ ਵਿਕਾਸ ਹੋਇਆ। ਇਸ ਸਿਧਾਂਤ ਅਨੁਸਾਰ ਸ਼ੁਰੂ ਦੇ ਮਨੁੱਖ ਵੀ ਜੰਗਲੀ ਜਾਨਵਰਾਂ ਵਾਂਗ ਹੀ ਸਨ ਤੇ ਹੌਲੀ-ਹੌਲੀ ਉੱਨਤੀ ਕਰਦੇ ਹੋਏ ਅੱਜ ਦੀ ਅਵਸਥਾ ਨੂੰ ਪ੍ਰਾਪਤ ਹੋਏ ਹਨ। ਇਸ ਸਾਰੀ ਵਿਕਾਸ ਧਾਰਾ ਵਿੱਚ ਡਾਰਵਿਨ ਦਾ ਮਨ ਇਹੀ ਹੈ ਕਿ ਕਿਸੇ ਵੀ ਪ੍ਰਾਣੀ ਦੇ ਗੁਣ ਉਸਦੇ ਜੀਵਾਣੂ ਰਾਹੀਂ ਉਸਦੀ ਸੰਤਾਨ ਵਿੱਚ ਪਹੁੰਚ ਜਾਂਦੇ ਹਨ। ਉਥੇ ਉਸ ਦੀਆਂ ਸੰਤਾਨਾਂ ਦੇ ਅਨੁਭਵਾਂ ਰਾਹੀਂ, ਵਿਕਸਿਤ ਹੁੰਦੇ ਹੋਏ ਜੀਵਾਣੂ ਨਵੇਂ ਤੇ ਸ੍ਰੇਸ਼ਟ ਸਰੀਰਾਂ ਦੀ ਰਚਨਾ ਕਰਦੇ ਜਾਂਦੇ ਹਨ। ਡਾਰਵਿਨ ਦੇ ਅਨੁਸਾਰ:-

''ਮਨੁੱਖ ਦੀ ਸਰੀਰਕ ਬਣਤਰ ਦੂਜੇ ਥਣਧਾਰੀ ਜੀਵਾਂ ਦੇ ਪੈਟਰਨ ਤੇ ਹੀ ਢਲੀ ਹੋਈ ਹੈ। ਉਸਦੇ ਇੰਜਰ ਪਿੰਜਰ ਦੀਆਂ ਹੱਡੀਆਂ ਦੀ ਤੁਲਨਾ ਬਾਂਦਰ, ਚਮਗਿੱਦੜ ਜਾਂ ਸੀਲ ਮੱਛੀ ਦੇ ਢਾਂਚੇ ਨਾਲ ਕੀਤੀ ਜਾ ਸਕਦੀ ਹੈ। ਇਹੀ ਪੁਜ਼ੀਸ਼ਨ ਉਸਦੇ ਮਸਲਾਂ, ਮਿਹਦੇ, ਦਿਲ, ਗੁਰਦੇ, ਫੇਫੜੇ, ਲਹੂ-ਨਾੜੀ ਤੇ ਆਂਦਰਾਂ ਦੇ ਤਾਣੇ ਪੇਟੇ ਦੀ ਹੈ। ਹਕਸਲੇ ਤੇ ਸਰੀਰਕ ਬਣਤਰ ਦੇ ਦੂਜੇ ਮਾਹਿਰਾਂ ਮੁਤਾਬਕ ਉਸਦਾ ਦਿਮਾਗ ਵੀ ਦੂਜੇ ਥਣਧਾਰੀਆਂ ਦੇ ਦਿਮਾਗ ਅਨੁਸਾਰ ਹੀ ਕੰਮ ਕਰਦਾ ਹੈ। ਹੋਰ ਕਈ ਪੱਖੋਂ ਮੁਖਾਲਿਫ਼ ਰਾਏ ਰੱਖਣ ਵਾਲਾ ਬਿਸਕੌਫ ਵੀ ਘੱਟੋ-ਘੱਟ ਦਿਮਾਗ ਦੇ ਮਾਮਲੇ ਵਿੱਚ ਇਸ ਗੱਲ ਨਾਲ ਸਹਿਮਤ ਹੈ ਕਿ ਮਨੁੱਖ ਤੇ ਇਹਨਾਂ ਜਾਨਵਰਾਂ ਦੇ ਦਿਮਾਗ ਦੀ ਹਰ ਮੁੱਖ ਤਹਿ ਤੇ ਤ੍ਰੇੜ ਦੀ ਬਣਤਰ ਵਿੱਚ ਪੂਰੀ ਸਮਾਨ ਹੈ। ਅੰਤਰ ਹੈ ਤਾਂ ਸਿਰਫ਼ ਵਿਕਾਸ ਦੇ ਪੱਧਰ ਵਿੱਚ ਹੈ।''[4]

ਡਾਰਵਿਨ ਦਾ ਸਿਧਾਂਤ ਜੀਵ-ਜੰਤੂ ਅਤੇ ਮਨੁੱਖ ਦੀਆਂ ਹੱਡੀਆਂ ਅਤੇ ਉਹਨਾਂ ਦੇ ਸਰੀਰਾਂ ਦੇ ਸੂਖਮ ਢਾਚਿਆਂ ਦਾ ਅਧਿਐਨ ਸੀ। ਪਰ ਇਹ ਸਿਧਾਂਤ ਜੀਵ ਦੇ ਵਿਕਾਸ ਕਰਮ ਨਾਲ ਵਧੇਰੇ ਸੰਬੰਧਿਤ ਹੈ। ਪਰ ਇਹ ਸਿਧਾਂਤ ਨਤੀਜਾ ਨਹੀਂ ਕੱਢ ਸਕਿਆ ਕਿ ਜੀਵ ਦੀ ਹੋਂਦ ਦਾ ਰੂਪ ਕਿਵੇਂ ਪੈਦਾ ਹੋਇਆ ਅਤੇ ਜੀਵ ਦੀ ਮ੍ਰਿਤੂ ਦਾ ਕਾਰਨ ਅਤੇ ਉਸਦੀ ਉਤਪਤੀ ਕਿਵੇਂ ਹੋਈ? ਇਸ ਤਰ੍ਹਾਂ ਡਾਰਵਿਨ ਦਾ ਸਿਧਾਂਤ ਵਿਗਿਆਨਿਕ ਸੋਚ ਦਾ ਧਾਰਨੀ ਸੀ ਪਰ ਇਹ ਵੀ ਵਧੇਰੇ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ।

ਇਸ ਸਿਧਾਂਤ ਨੂੰ ਅਰਸਤੂ ਦੁਆਰਾ ਪ੍ਰਸਤੁਤ ਕੀਤਾ ਗਿਆ। ਉਸ ਅਨੁਸਾਰ ਬ੍ਰਹਿਮੰਡ ਵਿੱਚ ਜੀਵਨ ਖ਼ੁਦ-ਬਖ਼ੁਦ ਹੀ ਅਰੰਭ ਹੋਇਆ ਮੰਨਿਆ ਗਿਆ ਹੈ। ਸਤਾਰਵੀਂ ਸਦੀ ਦੇ ਅੰਤ ਤੱਕ ਜੀਵ ਵਿਗਿਆਨੀਆਂ ਨੇ ਇਸ ਸਿਧਾਂਤ ਦੀ ਪ੍ਰੋੜਤਾ ਕੀਤੀ। 1652 ਈ. ਜ਼ੋਨ ਹੈਲਮੌਂਟ ਨੇ ਇਸ ਦੀ ਪ੍ਰੋੜ੍ਹਤਾ ਕਰਦੇ ਹੋਇਆਂ ਇੱਕ ਰਾਏ ਦਿੱਤੀ। ਉਸ ਦੇ ਅਨੁਸਾਰ ਜੇਕਰ ਦਾਣਿਆਂ ਨੂੰ ਕਿਸੇ ਕੱਪੜੇ ਵਿੱਚ ਬੰਨ ਦਿੱਤਾ ਜਾਵੇ ਜਾਂ ਕਿਸੇ ਜੀਵ ਨੂੰ ਮਾਰ ਕੇ ਸੁੱਟ ਦਿੱਤਾ ਜਾਵੇ ਤਾਂ ਉਸਦੇ ਸਰੀਰ ਵਿੱਚ ਆਪਣੇ ਆਪ ਹੀ ਕੀੜੇ ਪੈਦਾ ਹੋ ਜਾਂਦੇ ਹਨ। ਜੀਵ ਵਿਗਿਆਨੀਆਂ ਨੇ ਸਵੈ-ਪ੍ਰੇਰਿਤ ਉਤਪਤੀ ਸਿਧਾਂਤ ਦੇ ਹੱਕ ਵਿੱਚ ਇਹੋ ਜਿਹੀਆਂ ਹੋਰ ਵੀ ਕਈ ਦਲੀਲਾਂ ਪੇਸ਼ ਕੀਤੀਆਂ। ਉਹਨਾਂ ਦੇ ਅਨੁਸਾਰ ਹਵਾ ਵਿੱਚ ਬੈਕਟੀਰੀਆ ਮੌਜੂਦ ਹੁੰਦੇ ਹਨ ਜੋ ਗਲੀਆਂ ਸੜੀਆਂ ਵਸਤਾਂ ਵਿੱਚ ਕੀੜੇ ਪੈਦਾ ਕਰਨ ਲਈ ਸਹਾਈ ਹੁੰਦੇ ਹਨ। ਜੀਵ ਵਿਗਿਆਨੀਆਂ ਅਨੁਸਾਰ ਧਰਤੀ ਦੇ ਅੰਦਰ ਪਹਿਲਾਂ ਹੀ ਜੀਵ ਮੌਜੂਦ ਹੁੰਦੇ ਹਨ ਜੋ ਕਿਸੇ ਜੀਵ ਦੇ ਪੈਦਾ ਹੋਣ ਦਾ ਕਾਰਨ ਬਣਦੇ ਹਨ। ਇਹਨਾਂ ਵਿਗਿਆਨਕ ਦਲੀਲਾਂ ਨੂੰ ਕਾਫੀ ਹੱਦ ਤੱਕ ਸਹੀ ਮੰਨਿਆ ਗਿਆ। ਪਰ ਇਹ ਵੀ ਇਹਨਾਂ ਜੀਵਾਂ ਦੀ ਹੋਂਦ-ਉਤਪਤੀ ਸੰਬੰਧੀ ਇਨਕਾਰੀ ਹੈ ਤੇ ਠੋਸ ਦਲੀਲ ਨਹੀਂ ਦੇ ਸਕਿਆ।

ਟੀ. ਐਚ. ਮਾਰਗਟ 'ਜ਼ੀਨ ਸਿਧਾਂਤ' ਦਾ ਮੋਢੀ ਵਿਗਿਆਨੀ ਮੰਨਿਆ ਜਾਂਦਾ ਹੈ। ਉਸ ਅਨੁਸਾਰ ਅਚਨਚੇਤ ਹੀ ਬ੍ਰਹਿਮੰਡ ਵਿੱਚ ਜੀਵਨ ਦਾ ਨਿਕਾਸ ਹੋਇਆ। ਉਸ ਅਨੁਸਾਰ ਜੀਵਨ ਦੇ ਮੁੱਢਲੇ ਅਣੂ, ਵਾਇਰਸ ਕਣ, ਅਚਨਚੇਤ ਹੀ ਪੈਦਾ ਹੋਏ। ਜੋ ਜੀਵਨ ਪ੍ਰਕਿਰਿਆ ਦੇ ਵਿਕਾਸ ਲਈ ਸਮਰੱਥ ਸਨ। ਜ਼ੀਨ, ਸ਼ੈੱਲ ਦੇ ਨਿਊਕਲੀਅਸ ਅੰਦਰਲੇ ਕਰੋਮੋਸੋਮਾਂ ਜਾਤੀਆਂ ਦੇ ਜਮਾਂਦਰੂ ਲੱਛਣ ਨਿਰਧਾਰਿਤ ਕਰਦੇ ਹਨ। ਜ਼ੀਨ ਦੇ ਕੁਝ ਅਣੂ ਇੱਕ ਜਾਤੀ ਤੋਂ ਦੂਜੀ ਜਾਤੀ ਵਿੱਚ ਪਰਿਵਰਤਨ ਕੀਤੇ ਜਾ ਸਕਦੇ ਹਨ। ਜਿਹਨਾਂ ਕਰਕੇ ਇਹਨਾਂ ਜਾਤੀਆਂ ਦੇ ਲੱਛਣ ਬਦਲ ਜਾਂਦੇ ਹਨ। 'ਮਾਰਗਨ' ਦਾ ਇਹ ਸਿਧਾਂਤ ਕੋਈ ਵਧੇਰੇ ਹੈਰਾਨੀਜਨਕ ਨਹੀਂ ਸੀ ਅਤੇ ਪ੍ਰਮਾਣਕ ਨਹੀਂ ਮੰਨਿਆ ਗਿਆ।

ਕੁਝ ਜੀਵ ਵਿਗਿਆਨੀਆਂ ਦਾ ਮੰਨਣਾ ਹੈ ਕਿ ਧਰਤੀ ਉਪਰ ਕੁਝ ਗੈਸ ਅਣੂਆਂ ਦੀ ਹੋਂਦ ਸੀ। ਜਿਹਨਾਂ ਵਿੱਚ ਮੀਥੇਨ, ਅਮੋਨੀਆ, ਕਾਰਬਨ ਡਾਈਆਕਸਾਇਡ, ਜਲ ਵਾਸ਼ਪ ਅਤੇ ਹਾਈਡਰੋਜਨ ਆਦਿ ਮੁੱਖ ਤੌਰ 'ਤੇ ਸਨ। ਜਦੋਂ ਧਰਤੀ ਉਪਰ ਸਥਿਰ ਤਾਪਮਾਨ ਹਾਲਤਾਵਾਂ ਪੈਦਾ ਹੋਈਆਂ ਤਾਂ ਸੂਰਜੀ ਵਿਕਿਰਣਾਂ ਦੇ ਪ੍ਰਭਾਵ ਕਰਕੇ ਇਹ ਗੈਸ ਅਣੂ ਰਸਾਇਣਿਕ ਕਿਰਿਆ ਦੁਆਰਾ ਜੀਵਨ ਦੇ ਅਣੂ ਨੂੰ ਪੈਦਾ ਕਰਨ ਵਿੱਚ ਸਹਾਇਕ ਹੋਏ। ਜਿਸ ਤੋਂ ਜੀਵਨ ਦਾ ਨਿਕਾਸ ਅਤੇ ਵਿਕਾਸ ਵੱਧਦਾ ਚਲਾ ਗਿਆ। ਇਹ ਵਿਕਾਸ ਪਾਣੀ ਦੀ ਸਤਹਿ ਤੇ ਪੈਦਾ ਹੋਇਆ। ਜੀਵਨ ਦੇ ਮੁੱਢਲੇ ਅਣੂ ਜੀਵ-ਰਸ ਤਿਆਰ ਕਰਨ ਵਾਲੇ ਕਾਮਯਾਬ ਹੋਏ ਜਿਹਨਾਂ ਨੂੰ 'ਪਰੋਟੋਪਲਾਜ਼ਮ' ਕਿਹਾ ਜਾਣ ਲੱਗਾ।ਡਾ. ਹਰਦੇਵ ਸਿੰਘ ਵਿਰਕ ਦੇ ਅਨੁਸਾਰ:-

''ਇਹ ਜੀਵ ਰਸ ਹੀ ਜੀਵਨ ਲੀਲਾ ਦਾ ਆਦਿ ਹੈ। ਜਿਸ ਤੋਂ ਜੀਵਨ ਦੀ ਮੂਲ ਇਕਾਈ ਸੈੱਲ ਵਿਕਸਿਤ ਹੋਏ ਜੀਵਨ ਕੜੀ ਦਾ ਪਹਿਲਾ ਡੰਡਾ 'ਸੈੱਲ' ਹੈ। ਇੱਕ ਸੈੱਲ ਪ੍ਰਾਣੀਆਂ ਤੋਂ ਅਰਬਾਂ ਸਾਲਾਂ ਦੇ ਜੀਵਨ ਵਿਕਾਸ ਦੁਆਰਾ ਮਨੁੱਖ ਜਿਹਾ ਹੋਣਹਾਰ ਜੀਵ ਪੈਦਾ ਹੋ ਗਿਆ।''[5]

ਇਸ ਸਿਧਾਂਤ ਵਿੱਚ ਮਿਲਰ ਅਤੇ ਯੂਰੇ ਨੇ ਕੁਝ ਅਣੂ ਤਿਆਰ ਵੀ ਕੀਤੇ ਪਰੰਤੂ ਪਰੋਟੋਪਲਾਜ਼ਮ ਦੀ ਪੈਦਾਵਾਰ ਨਹੀਂ ਹੋ ਸਕੀ। ਇਸ ਲਈ ਇਹ ਸਿਧਾਂਤ ਵੀ ਵਧੇਰੇ ਕਾਰਗਰ ਸਾਬਿਤ ਨਹੀਂ ਹੋਇਆ।

ਵਿਗਿਆਨੀਆਂ ਦੀ ਇਹ ਵੀ ਧਾਰਨਾ ਹੈ ਕਿ ਜੀਵਨ ਦੀ ਉਤਪਤੀ ਬਾਹਰਲੇ ਗ੍ਰਹਿਆਂ ਅਤੇ ਗਲੈਕਸੀਆਂ ਤੋਂ ਆਏ ਉਲਕਾ ਪਿੰਡ ਦੇ ਪਦਾਰਥਾਂ ਤੋਂ ਹੋਈ। ਉਲਕਾ ਪਿੰਡ ਦੇ ਧਰਤੀ ਉਪਰ ਡਿੱਗਣ ਕਰਕੇ ਬਹੁਤ ਸਾਰੀਆਂ ਭਿਆਨਕ ਕਿਰਿਆਵਾਂ ਵਾਪਰੀਆਂ। ਇਹਨਾਂ ਤੋਂ ਹੀ ਜੀਵਨ ਦੇ ਅੰਸ਼ ਪ੍ਰਾਪਤ ਹੋਏ। ਇਹ ਸਿਧਾਂਤ ਵੀ ਪੇਸ਼ ਕੀਤਾ ਜਾਂਦਾ ਹੈ ਕਿ ਜੀਵਨ ਦਾ ਸੋਮਾ ਧਰਤੀ ਤੋਂ ਬਾਹਰ ਹੋਵੇਗਾ। ਪਰ ਇਹ ਸਿਧਾਂਤ ਹੀ ਪੂਰੀ ਤਰ੍ਹਾਂ ਸਪੱਸ਼ਟਤਾ ਨਹੀਂ ਦਰਸਾ ਸਕਿਆ।

ਇਸ ਤਰ੍ਹਾਂ ਉਪਰੋਕਤ ਸਿਧਾਂਤ ਨੂੰ ਅਧਿਐਨ ਕਰਦਿਆਂ ਹੋਇਆਂ ਬਹੁਤ ਸਾਰੇ ਸਵਾਲ ਵਿਗਿਆਨ ਦੇ ਸਿਧਾਂਤਾਂ ਪ੍ਰਤੀ ਚਿੰਤਨ ਦਾ ਵਿਸ਼ਾ ਬਣਦੇ ਹਨ। ਡਾਰਵਿਨ ਦਾ ਸਿਧਾਂਤ ਵਧੇਰੇ ਕਰਕੇ ਜੀਵਾਂ ਦੀਆਂ ਹੱਡੀਆਂ ਅਤੇ ਉਹਨਾਂ ਦੇ ਸਰੀਰ ਦੇ ਅੰਗਾਂ ਨਾਲ ਸੰਬੰਧਿਤ ਹਨ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰੀਰ ਅੰਸ਼ ਦੀ ਪੈਦਾਵਾਰ ਕਿਵੇਂ ਹੋਈ ਅਤੇ ਉਹ ਕਿਹੜੀ ਪ੍ਰਕਿਰਿਆ ਸੀ ਜਿਸ ਵਿੱਚ ਜੀਵ ਹੌਲੀ-ਹੌਲੀ ਪਰਿਵਰਤਿਤ ਹੁੰਦੇ ਗਏ। ਮਨੁੱਖ ਦੇ ਪੂਰਵਜਾਂ ਦੀ ਉਤਪਤੀ ਬਾਂਦਰਾਂ ਤੋਂ ਹੋਈ ਸੀ ਤਾਂ ਅੱਜ ਜੰਗਲਾਂ ਵਿੱਚ ਕਿਸੀ ਪਸ਼ੂ ਤੋਂ ਮਨੁੱਖੀ ਜੀਵ ਕਿਉਂ ਨਹੀਂ ਪੈਦਾ ਹੁੰਦਾ। ਜੇਕਰ ਅਚਨਚੇਤ ਅਣੂ ਸਿਧਾਂਤ, ਰਸਾਇਣਿਕ ਸਿਧਾਂਤ ਅਤੇ ਬਾਹਰਲੇ ਗ੍ਰਹਿਆਂ ਤੋਂ ਆਏ ਪਦਾਰਥ ਬਾਰੇ ਵਿਚਾਰ ਕੀਤਾ ਜਾਵੇ ਤਾਂ ਇਹਨਾਂ ਪ੍ਰਤੀ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਹ ਪਦਾਰਥ ਅਤੇ ਗੈਸਾਂ ਦੀ ਉਤਪਤੀ ਕਿਵੇਂ ਪੈਦਾ ਹੋਈ। ਉਹ ਕਿਹੜੀ ਸ਼ਕਤੀ ਸੀ ਜਿਸ ਤੋਂ ਗੈਸਾਂ ਅਤੇ ਅਣੂ ਪੈਦਾ ਹੋਏ। ਇਸ ਤਰ੍ਹਾਂ ਵਿਗਿਆਨ ਵਿੱਚ ਅਜੇ ਬਹੁਤ ਖੋਜ ਕਰਨ ਦੀ ਲੋੜ ਹੈ ਜੋ ਜੀਵ ਦੀ ਉਤਪਤੀ ਅਤੇ ਵਿਕਾਸ ਨੂੰ ਸਪੱਸ਼ਟ ਕਰ ਸਕੇ।

ਵਿਗਿਆਨ ਦੇ ਮੁੱਖ ਵਿਸ਼ੇ-ਵਿਭਾਗ 'ਖਗੋਲ ਵਿਗਿਆਨ' ਨੇ ਸ੍ਰਿਸ਼ਟੀ ਦੀ ਰਚਨਾ ਬਾਰੇ ਬਹੁਤ ਸਾਰੀਆਂ ਖੋਜਾਂ ਕੀਤੀਆਂ। ਇਹ ਗੱਲ ਤਾਂ ਸਪੱਸ਼ਟ ਹੋ ਚੁੱਕੀ ਹੈ ਕਿ ਅਰਬਾਂ ਵਰ੍ਹੇ ਪਹਿਲਾਂ ਜਦ ਸੂਰਜ, ਚੰਦ ਅਤੇ ਤਾਰਿਆਂ ਆਦਿ ਦੀ ਸ੍ਰਿਸ਼ਟੀ ਨਹੀਂ ਸੀ, ਤਾਂ ਇੱਕ ਅਤਿਅੰਤ ਸੂਖਮ ਪਦਾਰਥ ਦਾ ਅਸਤਿੱਤਵ ਸੀ। ਜਿਸਦੀ ਆਯੂ ਬਾਰੇ ਕੋਈ ਹਿਸਾਬ ਨਹੀਂ ਲਗਾਇਆ ਜਾ ਸਕਦਾ। ਇਹ ਅਤਿਅੰਤ ਸੂਖਮ ਪਦਾਰਥ ਵਿੱਚ ਅਨੇਕਾਂ ਕਿਰਿਆਵਾਂ ਹੋਣ ਕਰਕੇ ਸ੍ਰਿਸ਼ਟੀ ਦੀ ਰਚਨਾ ਦਾ ਆਰੰਭ ਹੋਇਆ। ਇਹਨਾਂ ਪ੍ਰਕਿਰਿਆਵਾਂ ਦੇ ਸਿਧਾਂਤਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ।

ਵਿਗਿਆਨ ਅਨੁਸਾਰ ਸਭ ਤੋਂ ਪਹਿਲਾਂ ਇੱਕ ਪਦਾਰਥ ਦੀ ਹੋਂਦ ਹੀ ਸੀ। ਪਰ ਉਸ ਪਦਾਰਥ ਵਿੱਚ ਕੁਝ ਕਿਰਿਆਵਾਂ ਕਰਕੇ ਵਿਸਫੋਟ ਹੋ ਗਿਆ। ਜਿਸਦਾ ਨਾਂ ਵਿਗਿਆਨ ਨੇ ਬਿੱਗ-ਬੈਂਗ ਦਿੱਤਾ। ਇਸ ਭਿਆਨਕ ਵਿਸਫੋਟ ਦੇ ਕਾਰਨ ਉਹ ਅਖੰਡ ਸੂਖਮ ਪਦਾਰਥ ਕਈ ਟੁਕੜਿਆਂ ਵਿੱਚ ਫੈਲਦਾ ਗਿਆ। ਉਹ ਵੱਖ-ਵੱਖ ਹੋ ਰਹੇ ਟੁਕੜੇ ਕਿਸੇ ਖਾਸ ਆਕਰਸ਼ਣ ਦੇ ਕਾਰਨ ਆਪਸ ਵਿੱਚ ਭਿੰਨ-ਭਿੰਨ ਸਮੂਹਾਂ ਦੇ ਰੂਪ ਵਿੱਚ ਇਕੱਠੇ ਹੋ ਕੇ ਕਈ ਤਾਰਾ-ਮੰਡਲ ਜਾਂ ਸੂਰਜ-ਮੰਡਲਾਂ ਦੇ ਰੂਪ ਵਿੱਚ ਪ੍ਰਗਟ ਹੁੰਦੇ ਗਏ। ਇਹਨਾਂ ਵਿੱਚ ਅੱਗੇ ਤੋਂ ਅੱਗੇ ਵਿਸ਼ੇਸ਼ ਪਰਿਵਰਤਨ ਵੀ ਹੁੰਦੇ ਗਏ। ਅੱਜ ਤੱਕ ਵੀ ਇਸ ਰਚਨਾ ਦੇ ਸੰਘਾਰ ਦਾ ਕਾਰਜ ਕਰਮ ਚੱਲ ਰਿਹਾ ਹੈ। ਇਸ ਰਚਨਾ ਦਾ ਸੰਘਾਰ ਕਰਮ ਉੱਨਾ ਚਿਰ ਚੱਲਦਾ ਹੀ ਰਹੇਗਾ ਜਿੰਨਾ ਚਿਰ ਪਰਤਾਂ ਦਾ ਸੁੰਗੜਨ ਅਮਲ ਸ਼ੁਰੂ ਨਹੀਂ ਹੋ ਜਾਂਦਾ। ਇਹ ਸੁੰਗੜਨ ਅਮਲ ਰਚਨਾ ਦਾ ਵਿਸਥਾਰ ਉਦੋਂ ਤੱਕ ਘੱਟਦਾ ਜਾਵੇਗਾ ਜਦ ਤੱਕ ਕਿ ਸਮੁੱਚਾ ਬ੍ਰਹਿਮੰਡ ਮਹਾਂ-ਤੱਤ ਵਿੱਚ ਤਬਦੀਲ ਨਾ ਹੋ ਜਾਵੇ ਅਤੇ ਧਮਾਕੇ ਤੋਂ ਪਸਰਣ

ਦਾ ਅਮਲ ਸ਼ੁਰੂ ਨਾ ਹੋ ਜਾਵੇ। ਸੋ ਇਸ ਚੱਕਰ ਨੂੰ ਪੂਰਾ ਹੋਣ ਲਈ ਬਹੁਤ ਸਮਾਂ ਲੱਗਾ ਅਤੇ ਸੁੰਗੜਨ ਦਾ ਪਸਰਣ ਚਲਦਾ ਹੀ ਰਹੇਗਾ ਅਤੇ ਇਹ ਵਿਕਾਸ ਵੀ ਕਰ ਰਿਹਾ ਹੈ।

ਕੁਝ ਵਿਗਿਆਨੀਆਂ ਦੀ ਧਾਰਨਾ ਹੈ ਕਿ ਰਚਨਾ ਹਮੇਸ਼ਾਂ ਤੋਂ ਹੀ ਸਥਿਰ ਹੈ, ਪਰ ਹਰ ਸਮੇਂ ਨਵੇਂ ਪਦਾਰਥ ਦੀ ਸਿਰਜਨਾ ਹੁੰਦੀ ਰਹਿੰਦੀ ਹੈ ਜਿਹਨਾਂ ਵਿੱਚ ਨਵੇਂ ਤਾਰੇ, ਚੰਦ, ਸੂਰਜ ਆਦਿ ਉਪਜਦੇ ਰਹਿੰਦੇ ਹਨ। ਪਦਾਰਥ ਦਾ ਵਿਕਾਸ ਐਨੀ ਹੌਲੀ ਹੁੰਦਾ ਹੈ ਕਿ ਇਸਦਾ ਪ੍ਰਯੋਗ ਕਰਨਾ ਬਹੁਤ ਕਠਿਨ ਹੈ। ਸੋ ਪਦਾਰਥਵਾਦ ਦੇ ਹਾਮੀ ਇਸ ਗੱਲ ਤੋਂ ਖ਼ੁਸ਼ ਹਨ ਕਿ ਰਚਨਾਹਾਰ ਦੀ ਭੂਮਿਕਾ ਜ਼ਰੂਰੀ ਨਹੀਂ। ਪਰ ਮਾਰਟਲ ਰਾਈਲ ਨੇ ਇਸਦਾ ਖੰਡਨ ਕੀਤਾ ਹੈ। ਉਸ ਅਨੁਸਾਰ ਜੇਕਰ ਪਦਾਰਥ ਹਰ ਸਮੇਂ ਹਰ ਜਗ੍ਹਾ ਇੱਕੋ ਜਿਹੀ ਮਾਤਰਾ ਵਿੱਚ ਪੈਦਾ ਹੋ ਜਾਵੇ ਤਾਂ ਨਵੇਂ ਜਨਮੇ-ਤਾਰਿਆਂ ਦੀ ਹੋਂਦ ਬ੍ਰਹਿਮੰਡ ਵਿੱਚ ਸਭ ਪਾਸੇ ਇੱਕੋ ਜਿਹੀ ਹੋਣੀ ਚਾਹੀਦੀ ਹੈ। ਪਰੰਤੂ ਇਸਦੇ ਉਲਟ ਇਹ ਨਤੀਜਾ ਕੱਢਿਆ ਕਿ ਨਵੇਂ ਜਨਮੇਂ ਤਾਰੇ ਕੁਝ ਖਾਸ ਦਿਸ਼ਾਵਾਂ ਵਿੱਚ ਹੀ ਮਿਲਦੇ ਹਨ, ਜੋ ਸਥਾਈ ਅਵਸਥਾ ਦੇ ਸਿਧਾਂਤ ਤੋਂ ਉਲਟ ਹਨ। ਡਾ. ਹਰਦੇਵ ਸਿੰਘ ਵਿਰਕ ਦੇ ਅਨੁਸਾਰ:-

''ਨਵੀਨਤਮ ਖੋਜਾਂ ਤੋਂ ਪਤਾ ਲੱਗਾ ਹੈ ਕਿ ਬ੍ਰਹਿਮੰਡ ਵਿੱਚ ਕੁਝ ਅਦਿੱਖ ਤਾਰੇ ਹਨ, ਜਿਹਨਾਂ ਵਿੱਚ ਮਾਦੇ ਦੀ ਘਣਤਾ ਬੇਸ਼ੁਮਾਰ ਹੋਣ ਕਰਕੇ ਸ਼ੁਰੂਆਤੀ ਖੇਤਰ ਬਲਵਾਨ ਹੋ ਚੁੱਕੇ ਹਨ ਕਿ ਇਹਨਾਂ ਤਾਰਿਆਂ ਦੀ ਸਤਹਿ ਤੋਂ ਪ੍ਰਕਾਸ਼-ਕਿਰਨਾਂ ਵੀ ਬਾਹਰ ਨਹੀਂ ਨਿਕਲ ਸਕਦੀਆਂ। ਇਹਨਾਂ ਸ਼ਕਤੀਸ਼ਾਲੀ ਤਾਰਿਆਂ ਨੂੰ ਬਲੈਕ ਹੋਲਜ਼ ਕਿਹਾ ਗਿਆ ਹੈ। ਜਦੋਂ ਕੋਈ ਹੋਰ ਸੂਰਜੀ ਮੰਡਲ ਜਾਂ ਤਾਰਾ ਇਹਨਾਂ ਦੀ ਪਕੜ ਦੇ ਘੇਰੇ ਵਿੱਚ ਆ ਜਾਵੇ ਤਾਂ 'ਬਲੈਕ ਹੋਲ' ਉਸ ਨੂੰ ਹੜੱਪ ਕਰ ਲੈਂਦਾ ਹੈ।''[6]

ਵਿਗਿਆਨ ਦੀਆਂ ਧਾਰਨਾਵਾਂ ਦਾ ਸੱਚ ਅਜੇ ਤੱਕ ਪੂਰਨ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ ਕਿਉਂਕਿ ਬਹੁਤ ਸਾਰੇ ਪ੍ਰਸ਼ਨ ਉਸੇ ਤਰ੍ਹਾਂ ਖੜੇ ਨਜ਼ਰ ਆਉਂਦੇ ਹਨ । ਜਿਨ੍ਹਾਂ ਦਾ ਜਵਾਬ ਅਜੇ ਅਸੰਭਵ ਹੀ ਲੱਗਦਾ ਹੈ। ਕਈ ਅਜਿਹੇ ਕਾਰਜ ਹਨ ਜਿਹਨਾਂ ਵਿੱਚ ਵਿਗਿਆਨ ਦੀਆਂ ਖੋਜਾਂ ਬਹੁਤ ਸਫ਼ਲਤਾ ਪ੍ਰਾਪਤ ਕਰ ਚੁੱਕੀਆਂ ਹਨ। ਦਰਅਸਲ ਦੇਖਿਆ ਜਾਵੇ ਤਾਂ ਵਿਗਿਆਨ ਵੀ ਪ੍ਰਿਥਵੀ ਅਤੇ ਜੀਵ ਦੀ ਉਤਪਤੀ ਦਾ ਕਰੀਬ-ਕਰੀਬ ਇੱਕੋ ਕਰਮ ਦਰਸਾਉਂਦਾ ਹੈ ਪਰੰਤੂ ਫ਼ਰਕ ਇਹ ਹੈ ਕਿ ਉਸਦੀ ਸ਼ਕਤੀ ਦੀ ਧਾਰਨਾ ਜਿਸ ਤੋਂ ਇਹ ਸਾਰੀ ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਜੜ੍ਹਤਾ ਧਰਮ ਦੇ ਹਨੇਰੇ ਵਿੱਚ ਡੁੱਬੀ ਹੋਈ ਹੈ ਪਰ ਰਿਸ਼ੀਆਂ ਤੇ ਗੁਰੂਆਂ ਨੇ ਇਸ ਸ਼ਕਤੀ ਨੂੰ 'ਬ੍ਰਹਮ' ਮੰਨਿਆ ਹੈ। ਉਹਨਾਂ ਅਨੁਸਾਰ ਸ੍ਰਿਸ਼ਟੀ ਰਚਨਾ ਇੱਕ ਮਹਾਨ ਪ੍ਰਯੋਜਨ ਹੈ। ਜਿਸ ਦੀ ਉੱਤਪਤੀ ਅਤੇ ਵਿਕਾਸਧਾਰਾ ਦਾ ਇੱਕ ਨਿਸ਼ਚਿਤ ਮੂਲ ਅਤੇ ਪਰਮ ਲਕਸ਼ ਹੈ। ਇਸ ਤਰਾਂ ਧਰਮ ਅਤੇ ਵਿਗਿਆਨ ਵਿੱਚ ਕਦੇ-ਕਦੇ ਅੰਤਰ-ਸੰਬੰਧਤ ਵੀ ਨਜ਼ਰ ਆਉਂਦੇ ਹਨ। ਵਿਗਿਆਨ ਦੀਆਂ ਖੋਜਾਂ ਅਜੇ ਵੀ ਬਾਕੀ ਹਨ, ਕਿਸੇ ਠੋਸ ਨਤੀਜੇ ਦੀ ਪ੍ਰਾਪਤੀ ਲਈ ਪਰ ਧਰਮ ਦੀ ਮੰਜ਼ਿਲ ਆਪਣੇ ਕੇਂਦਰੀ ਤੱਤ ਤੇ ਪੁੱਜੀ ਨਜ਼ਰ ਆਉਂਦੀ ਹੈ। ਸ੍ਰਿਸ਼ਟੀ, ਜੀਵ ਅਤੇ ਈਸ਼ਵਰੀ ਹੋਂਦ ਦਾ ਭੇਦ ਰੂਪਮਾਨ ਨਹੀਂ ਹੋ ਸਕਿਆ। ਇਸ ਭੇਦ ਨੂੰ ਸੁਲਝਾਉਣਾ ਅਜੇ ਕਠਿਨ ਕਾਰਜ ਹੈ। ਵਿਗਿਆਨਿਕ ਚਿੰਤਨ ਨੇ ਮਨੁੱਖੀ ਚਿੰਤਨ ਦੀ ਇਸ ਗੁੰਝਲ ਨੂੰ ਸੁਲਝਾਉਣ ਵਿੱਚ ਬਹੁਤ ਮਦਦ ਵੀ ਕੀਤੀ ਹੈ। ਪਰ ਕੁਦਰਤੀ ਵਿਰਾਟ ਪਸਾਰੇ ਦੇ ਸਾਹਮਣੇ ਇਸਦਾ ਮਾਰਗ ਔਕੜਾਂ ਭਰਪੂਰ ਹੈ। ਬ੍ਰਹਿਮੰਡ-ਰਚਨਾ ਦੇ ਸਮੁੱਚੇ ਵਿਸ਼ੇ ਪਸਾਰੇ ਉਪਰ ਅਜੇ ਤੱਕ ਵਿਗਿਆਨਕ ਖੋਜਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਵਧੇਰੇ ਢੁੱਕਦਾ ਨਜ਼ਰ ਆਉਂਦਾ ਹੈ।

''ਆਪੁ ਅਪਨੀ ਬੁਧਿ ਹੈ ਜੇਤੀ॥
ਬਰਨਤ ਭਿੰਨ-ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨਾ ਜਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥''[7]

ਇਸ ਤਰ੍ਹਾਂ ਵਿਗਿਆਨਿਕ ਚਿੰਤਨ ਸਿਰਫ਼ ਤੇ ਸਿਰਫ਼ ਮਾਨਵੀ ਚਿੰਤਨ ਤੇ ਨਿਰਭਰ ਹੈ। ਕਿਉਂਕਿ ਮਾਨਵੀ ਚਿੰਤਨ ਹੀ ਵਿਗਿਆਨ ਦੀ ਜਨਮ ਭੂਮੀ ਦਾ ਅਧਾਰ ਹੈ। ਕਿਆਸਕਾਵਾਂ ਲਗਾਉਂਦਾ ਹੈ ਉਹ ਜਾਂ ਤਾਂ ਉਸਦੇ ਪ੍ਰਯੋਗੀ ਕਾਰਜ ਦੇ ਸਿੱਟੇ ਹਨ ਜਾਂ ਉਸਦੇ ਸਵੈ ਅਨੁਭਵ ਦੇ ਵਿਚਾਰ ਹਨ।ਇਸ ਲਈ ਜੇਕਰ ਧਰਮ ਅਤੇ ਅਧਿਆਤਮ ਰਹੱਸ-ਵਾਦ 'ਬ੍ਰਹਮ' ਜਾਂ ਈਸ਼ਵਰੀ ਅਨੁਭਵ ਨਾਲ ਲੁਪਤ ਹੈ ਤਾਂ ਵਿਗਿਆਨ ਉੱਥੇ ਤਰਕ ਜਾਂ ਸਬੂਤ ਦੀ ਮੰਗ ਕਰਦਾ ਹੈ। ਵਿਗਿਆਨ ਨੂੰ ਜਦੋਂ ਕਿਸੇ ਰਚਨਾ ਅਤੇ ਉਸਦੀ ਉਤਪਤੀ ਦੇ ਵਿਕਾਸ ਸੰਬੰਧੀ ਕੋਈ ਠੋਸ ਸਿਧਾਂਤ ਜਾਂ ਸਬੂਤ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਉਹ ਉਸਨੂੰ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ। ਪਰ ਇੱਕ ਅਧਿਆਤਮਕ ਵਾਦੀ ਸਾਧਕ ਇਸ ਰਹੱਸ ਨੂੰ 'ਸਵੈ ਅਨੁਭਵ' ਰਾਹੀਂ ਪ੍ਰਾਪਤ ਕਰ ਲੈਂਦਾ ਹੈ। ਸਵੈ-ਅਨੁਭਵ ਨੂੰ ਕਿਸੇ ਤਰਕ ਜਾਂ ਸਬੂਤ ਰਾਹੀਂ ਵਿਅਕਤ ਨਹੀਂ ਕੀਤਾ ਜਾ ਸਕਦਾ। ਇਸ ਲਈ

ਈਸ਼ਵਰੀ ਹੋਂਦ, ਜੀਵ-ਆਤਮਾ ਤੱਤ ਅਤੇ ਸ੍ਰਿਸ਼ਟੀ ਰਚਨਾ ਵਰਗੇ ਵਿਸ਼ੇ ਬਹੁਤ ਹੀ ਜਟਿਲ ਅਤੇ ਕਠਿਨ ਵਿਸ਼ੇ ਹਨ। ਜਿਹਨਾਂ ਦੀ ਖੋਜ ਅਜੇ ਬਹੁਤ ਸਾਰੇ ਸਾਧਨਾਂ ਅਤੇ ਪ੍ਰਯੋਗ ਦੀ ਮੰਗ ਕਰਦੀ ਹੈ। ਹਰੇਕ ਧਰਮ ਨੇ ਇਹਨਾਂ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਇਹਨਾਂ ਵਿੱਚ ਵੀ ਅਭੇਦਤਾ ਪਾਈ ਜਾਂਦੀ ਰਹੀ ਹੈ। ਪਰੰਤੂ ਇਹਨਾਂ ਵਿੱਚ ਇੱਕ ਤੱਤ ਦੀ ਸਮਾਨਤਾ ਦਾ ਅੰਸ਼ ਜ਼ਰੂਰ ਨਜ਼ਰ ਆਉਂਦਾ ਹੈ। ਜਿਸ ਤੋਂ ਸਭ ਸੰਸਾਰਿਕ ਰਚਨਾ ਤੇ ਕਾਰਜ-ਕਰਮ ਸਿਰਜਣਾਤਮਿਕ ਰੂਪ ਵਿੱਚ ਵਿਕਾਸ ਕਰ ਰਿਹਾ ਹੈ। ਇਹੋ ਸਿਧਾਂਤ ਧਰਮ ਅਤੇ ਅਧਿਆਤਮਕ ਰਹੱਸਵਾਦ ਦਾ ਮੂਲ ਵਿਸ਼ਾ ਹੈ ਜੋ ਸਭ ਰਹੱਸਾਂ ਨੂੰ ਸੁਲਝਾਉਂਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਡਾ. ਹਰਦੇਵ ਸਿੰਘ ਵਿਰਕ, ਸਿੱਖ ਧਰਮ ਅਤੇ ਵਿਗਿਆਨ, ਤਿਰਲੋਚਨ ਪਬਲੀਸ਼ਰਜ਼, ਚੰਡੀਗੜ੍ਹ, 2008, ਪੰਨਾ 18
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1034
3. ਡਾ. ਕੁਲਦੀਪ ਸਿੰਘ ਧੀਰ, ਪੁਲਾੜ ਅਤੇ ਮਨੁੱਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 108
4. ਚਾਰਲਸ ਡਾਰਵਿਨ, ਮਨੁੱਖ ਦੀ ਉਤਪਤੀ, ਹਰਜੀਤ ਸਿੰਘ ਮਾਂਗਟ (ਅਨੁ.) ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2004, ਪੰਨਾ 34
5. ਡਾ. ਹਰਦੇਵ ਸਿੰਘ ਵਿਰਕ, ਸਿੱਖ ਧਰਮ ਅਤੇ ਵਿਗਿਆਨ, ਤਿਰਲੋਚਨ ਪਬਲੀਸ਼ਰਜ਼, ਚੰਡੀਗੜ੍ਹ, 2008, ਪੰਨਾ 53
6. ਉਹੀ, ਪੰਨਾ 50
7. ਦਸਮ ਗ੍ਰੰਥ, ਪੰਨਾ 10